ਸੰਮਤ: **੫੫੮** ਨਾਨਕਸ਼ਾਹੀ
ਸਾਕਾ: ੨੨੦
Weekly Paper
ਸਪਤਾਹਕ ਪਤਰ

੧ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਿਹ ॥

# ਖ਼ਾਲਸਾ ਅਖ਼ਬਾਰ

੨੧ ਵੈਸਾਖ ਸੰਨ ੨੦੨੬ Monday, 04 May

ਮੁੱਖ ਸੰਪਾਦਕ
ਗਿਆਨੀ ਗੁਰਜੀਤ ਸਿੰਘ ਪਟਿਆਲਾ
ਸੰਪਾਦਕ: ਗੁਰਪ੍ਰੀਤ ਸਿੰਘ
ਉਪ ਸੰਪਾਦਕ: ਮੇਜਰ ਸਿੰਘ
ਅੰਗਰੇਜ਼ੀ ਸੰਪਾਦਿਕਾ: ਮਨਪ੍ਰੀਤ ਕੌਰ

www.khalsaakhbbar.com ਸੰਪਰਕ: +44 7491374913 khalsaakhbaar@gmail.com editor@khalsaakhbaar.com



## ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਦਾ ਪ੍ਰਮੁੱਖ ਨਿਸ਼ਾਨਾ ਤਾਂ ਮਨੁੱਖੀ ਕਲਿਆਣ ਹੀ ਹੈ। ਭਗਤੀ, ਸਿਮਰਨ ਅਤੇ ਮੁਕਤੀ ਇਸੇ ਮੰਤਵ ਦੇ ਸੂਚਕ ਹਨ। ਗੁਰੂ ਸਾਹਿਬਾਨ ਦਾ ਰੂਹਾਨੀ ਮਿਸ਼ਨ ਮਨੁੱਖ ਨੂੰ ਸੱਚੀ ਭਗਤੀ ਵੱਲ ਜੋੜਨਾ ਤੇ ਵਿਅਰਥ ਦੇ ਕਰਮ-ਕਾਂਡਾਂ ਤੋਂ ਦੂਰ ਕਰਨਾ ਸੀ। ਇਸ ਲਈ ਗੁਰੂ ਸਾਹਿਬਾਨ ਦਾ ਮੰਤਵ ਮਨੁੱਖ ਨੂੰ ਆਤਮਿਕ ਤੌਰ 'ਤੇ ਉੱਚਾ ਤੇ ਸੁੱਚਾ ਬਣਾਉਣਾ ਸੀ। ਇਸੇ ਲੜੀ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਆਪਣੀ ਬਾਣੀ ਰਾਹੀਂ ਮਨੁੱਖਤਾ ਨੂੰ ਸੇਧ ਦਿੱਤੀ ਹੈ।ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਵਿਚ ਹਉਮੈਂ-ਗ੍ਰਸਤ ਖੁਦਗਰਜ਼ ਜੀਵਨ, ਕੁਟੰਬ ਦੀ ਸੀਮਤ ਚਾਰਦੀਵਾਰੀ ਦੇ ਐਸ਼ਵਰਜ ਤੇ ਬੇਅਣਖ ਜ਼ਿੰਦਗੀ ਤੋਂ ਘ੍ਰਿਣਾ, ਵੈਰਾਗ ਤੇ ਉਪਰਾਮਤਾ ਹੈ ਅਤੇ ਬਾਗ਼ੈਰਤ, ਬਲਧਾਰੀ ਮਾਨਵੀ ਜੀਵਨ ਲਈ ਅਧਿਆਤਮਕ ਹੱਲਾ ਹੈ। ਆਪ ਦੀ ਬਾਣੀ ਵਿਚ
"ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ" ਦੇ ਗਿਆਨੀ ਜੀਵਨ-ਪੱਧਰ ਨੂੰ ਸਤਿਕਾਰਿਆ ਗਿਆ ਹੈ। ਬਲੁ ਹੋਆ ਬੰਧਨ ਛੁਟੇ ਸਭ ਕਿਛੁ ਹੋਤ ਉਪਾਇ ਦਾ ਮੁਕਤੀ ਮਾਰਗ ਦਰਸਾਇਆ ਗਿਆ ਹੈ। ਇੱਥੇ ਗੁਰੂ ਸਾਹਿਬ ਨੇ ਬਲ 'ਨਾਮ' ਦਾ ਮੰਨਿਆ ਹੈ ਜੋ ਭੈ ਨਾਸਨ ਦੁਰਮਤਿ ਹਰਨ ਹੈ। ਨਾਮ ਭਗਤੀ ਹੀ ਹਉਮੈਂ ਨੂੰ ਕੱਟਦੀ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਬੰਧਨ ਵਿਚ ਪਏ ਮਨੁੱਖ ਨੂੰ ਮੂੜ ਮੁਗਧ (ਅਗਿਆਨੀ) ਕਿਹਾ ਹੈ। ਗੁਰੂ ਸਾਹਿਬ ਦੀ ਬਾਣੀ ਦਾ ਕੇਂਦਰੀ ਵਿਸ਼ਾ ਹੀ ਬੰਧਨ ਵਿਚ ਪਏ ਮਨੁੱਖ ਨੂੰ ਨਿਰਭੈ-ਨਿਰਬਾਣ ਪਦ 'ਤੇ ਪਹੁੰਚਾਉਣਾ ਹੈ।ਗੁਰੂ ਜੀ ਨੇ ਬੰਧਨ ਦਾ ਕਾਰਨ ਅਗਿਆਨੀ ਮਨ ਨੂੰ ਦੱਸਿਆ ਹੈ, ਜੇ ਮਨੁੱਖ ਨੂੰ ਸਹੀ ਆਤਮਿਕ ਗਿਆਨ ਪ੍ਰਾਪਤ ਹੋ ਜਾਵੇ ਤਾਂ ਉਹ ਇਸ ਜਨਮ-ਮਰਨ ਦੇ ਗੇੜ ਤੋਂ ਮੁਕਤ ਹੋ ਜਾਂਦਾ ਹੈ:-

ਬਿਖਿਅਨ ਸਿਉ ਕਾਹੇ ਰਚਿਓ ਨਿਮਖ ਨ ਹੋਹਿ ਉਦਾਸੁ ।। ਕਹੁ ਨਾਨਕ ਭਜੁ ਹਰਿ ਮਨਾ ਪਰੈ ਨ ਜਮ ਕੀ ਫਾਸ ।।(ਅੰਗ, ੧੪੨੬)
-ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ ।। ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ ।।(ਅੰਗ, ੧੪੨੯)

ਮਨੁੱਖ ਕਈ ਅਤੁੱਟ ਤੰਦਾਂ ਵਿਚ ਉਲਝ ਗਿਆ ਹੈ। ਤਨ ਦਾ ਮੋਹ ਉਸ ਦਾ ਪਹਿਲਾ ਬੰਧਨ ਹੈ। ਕੁਟੰਬ ਦਾ ਮੋਹ ਉਸ ਦਾ ਦੂਜਾ ਬੰਧਨ ਹੈ ਆਪਣੀ ਤੇ ਆਪਣੇ ਕੁਟੰਬ ਦੇ ਸੁੱਖ ਦੀ ਲਾਲਸਾ ਉਸ ਦਾ ਤੀਜਾ ਬੰਧਨ ਹੈ। ਮਾਇਆ ਦੇ ਮੋਹ ਕਾਰਨ ਮਨ ਦਾ ਉਲਾਰਪਨ ਉਸ ਦਾ ਚੌਥਾ ਬੰਧਨ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ:

ਮਾਇਆ ਕਾਰਨਿ ਧਾਵਹੀ ਮੂਰਖ ਲੋਗ ਅਜਾਨ ।।
ਕਹੁ ਨਾਨਕ ਬਿਨੁ ਹਰਿ ਭਜਨ ਬਿਰਥਾ ਜਨਮੁ ਸਿਰਾਨ ।।(ਅੰਗ, ੧੪੨੭)

ਅਗਿਆਨੀ ਦਾ ਜੀਵਨ ਮਾਇਆ ਦੇ ਧੰਦਿਆਂ ਵਿਚ ਲੰਘਦਾ ਹੈ। ਮਾਇਆ ਵਿਚ ਖਚਿਤਹੋਣ ਕਾਰਨ ਪ੍ਰਭੂ-ਸਿਮਰਨ ਦਾ ਧਿਆਨ ਨਹੀਂ ਰਹਿੰਦਾ। ਇਸ ਤਰ੍ਹਾਂ ਜੀਵਨ ਨਿਸਫਲ ਹੋ ਜਾਂਦਾ ਹੈ। ਜੀਵਨ ਦਾ ਅਸਲ ਮਨੋਰਥ ਮਾਇਆ ਇਕਠੀ ਕਰਨਾ ਨਹੀਂ, ਨਾਮ ਦਾ ਧਨ ਇਕੱਠਾ ਕਰਨਾ ਹੈ ਜੋ ਮਨੁੱਖ ਨਾਲ ਜਾਣਾ ਹੈ। ਗੁਰੂ ਸਾਹਿਬ ਨੇ ਹਉਮੈਂ ਨੂੰ ਪੰਜਵਾਂ ਬੰਧਨ ਕਿਹਾ ਹੈ:

ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ।।
ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ ।।(ਅੰਗ, ੧੪੨੮)

ਹਉਮੈਂ ਆਉਣ ਨਾਲ ਮਨ 'ਤੇ ਪਹਿਲਾਂ ਨਾਲੋਂ ਕਈ ਗੁਣਾ ਵੱਧ ਮੈਲ ਚੜ੍ਹ ਜਾਂਦੀ ਹੈ ਅਜਿਹੀ ਸਥਿਤੀ ਵਿਚ ਕੀਤੇ ਤੀਰਥ ਬਰਤ, ਪੁੰਨ, ਦਾਨ ਰਸਮੀ ਧਰਮ ਕਰਮ ਹਨ। ਪਰ ਨਾਮ-ਸਿਮਰਨ ਨਾਲ ਮਨ ਨਿਰਮਲ, ਪਾਕ-ਪਵਿੱਤਰ ਹੋ ਜਾਂਦਾ ਹੈ। ਦੁੱਖ-ਸੁੱਖ, ਉਸਤਤਿ-ਨਿੰਦਾ ਆਦਿ ਦਸ਼ਾਵਾਂ ਵਿਚ ਡੋਲਣਾ ਵੀ ਬੰਧਨ ਹੀ ਹੈ ਇਸ ਦੁਰਦਸ਼ਾ ਦਾ ਕਾਰਨ ਮਨ ਹੈ ਮਨ ਦੇ ਰੂਪ ਤੇ ਅਸਲੀਅਤ ਨੂੰ ਨਾ ਜਾਣਨਾ ਅਗਿਆਨਤਾ ਹੈ। ਜੇ ਅਗਿਆਨੀ ਮਨ ਨੂੰ ਸ਼ਬਦ ਰੂਪੀ ਗਿਆਨ ਹੋ ਜਾਵੇ ਤਾਂ ਇਹ ਭਗਤੀ ਕਰੇਗਾ ਤਦ ਇਹ ਬੰਧਨ ਮੁਕਤ ਹੋ ਜਾਵੇਗਾ:

ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ।।
ਕਹੁ ਨਾਨਕ ਸੁਨਿ ਰੇ ਮਨਾ ਦੁਰਲਭ ਮਾਨੁਖ ਦੇਹ।।(ਅੰਗ ੧੪੨੭)

ਸ੍ਰੀ ਗੁਰੂ ਤੇਗ ਬਹਾਦਰ ਜੀ ਮਨੁੱਖੀ ਮਨ ਨੂੰ ਸਾਧਣ ਲਈ ਉਤਸ਼ਾਹਿਤ ਕਰਦੇ ਹਨ:

ਸਾਧੋ ਮਨ ਕਾ ਮਾਨੁ ਤਿਆਗਉ ।।ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ ।।੧।।ਰਹਾਉ।।
ਸੁਖ ਦੁਖ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ ।।
ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ ।।੧।। (ਅੰਗ, ੨੧੯)

ਇਨ੍ਹਾਂ ਬੰਧਨਾਂ ਕਾਰਨ ਹੀ ਮਨੁੱਖ ਉਸ ਪਰਮ ਸੰਤਾ ਤੋਂ ਕੋਹਾਂ ਦੂਰ ਚਲਾ ਜਾਂਦਾ ਹੈ ਤੇ ਜੇ ਗਿਆਨ ਪ੍ਰਾਪਤ ਹੋ ਜਾਵੇ ਤਾਂ ਜੀਵ ਸੱਚ ਵੱਲ ਪਰਤਦਾ ਹੈ। ਉਸ ਨੂੰ ਨਾਮ ਦਾ ਰਸ ਸਾਰੇ ਹੋਰ ਰਸਾਂ ਤੋਂ ਸ੍ਰੇਸ਼ਟ ਜਾਪਦਾ ਹੈ। ਨਾਮ ਦੀ ਸੋਝੀ ਤੋਂ ਉੱਚਾ ਕੁਝ ਵੀ ਨਹੀਂ, ਇਹ ਸਰਬ ਸ੍ਰੇਸ਼ਟ ਧਰਮ ਹੈ ਜੋ ਮਨੁਖ ਨੂੰ ਫੋਕੇ ਕਰਮ-ਕਾਂਡਾਂ ਤੇ ਵਹਿਮਾਂ-ਭਰਮਾਂ ਨੂੰ ਛੱਡ ਕੇ ਆਪਣੇ ਮਨ ਨੂੰ ਆਤਮਿਕ ਤੌਰ 'ਤੇ ਬਲਵਾਨ ਬਣਾਉਣ ਦੀ ਸਿੱਖਿਆ ਦਿੰਦਾ ਹੈ:

ਕਲ ਮੈ ਏਕੁ ਨਾਮੁ ਕਿਰਪਾ ਨਿਧਿ ਜਾਹਿ ਜਪੈ ਗਤਿ ਪਾਵੈ ।।
ਅਉਰ ਧਰਮ ਤਾ ਕੈ ਸਮ ਨਾਹਨਿ ਇਹ ਬਿਧਿ ਬੇਦੁ ਬਤਾਵੈ ।।(ਅੰਗ ੬੩੨)

ਨਾਮ ਪਤਿਤ ਨੂੰ ਪਾਵਨ ਕਰਨ ਵਾਲਾ ਹੈ:

ਪਤਿਤ ਉਧਾਰਨ ਭੈ ਹਰਨ ਹਰਿ ਅਨਾਥ ਕੇ ਨਾਥ ।।
ਕਹੁ ਨਾਨਕ ਤਿਹ ਜਾਨੀਐ ਸਦਾ ਬਸਤੁ ਤੁਮ ਸਾਥਿ ।।(ਅੰਗ ੧੪੨੬)

ਪਰਮਾਤਮਾ ਦਾ ਨਾਮ ਭੈ ਨਾਸ਼ਕ ਹੈ. ਦੁਰਮਤਿ ਦੂਰ ਕਰਨ ਵਾਲਾ ਹੈ:

ਭੈ ਨਾਸਨ ਦੁਰਮਤਿ ਹਰਨ ਕਲਿ ਮੈ ਹਰਿ ਕੋ ਨਾਮੁ ।।
ਨਿਸਿ ਦਿਨੁ ਜੋ ਨਾਨਕ ਭਜੈ ਸਫਲ ਹੋਹਿ ਤਿਹ ਕਾਮ ।।(ਅੰਗ ੧੪੨੭)

ਉਸ ਸਦਾ ਸਥਿਰ ਅਕਾਲ ਪੁਰਖ ਦੀ ਸ਼ਰਨ ਵਿਚ ਆਇਆ ਮਨੁੱਖ ਬੰਧਨਾਂ ਤੋਂ ਮੁਕਤ ਹੋ ਜਾਂਦਾ ਹੈ ਤੇ ਉਸ ਨੂੰ ਨਿਰਯਤਨ ਹੀ ਮੁਕਤੀ ਮਿਲ ਜਾਂਦੀ ਹੈ ਅਤੇ ਇਹ ਤਾਂ ਹੀ ਸੰਭਵ ਹੁੰਦਾ ਹੈ ਜੇ ਉਸ ਅਕਾਲ ਪੁਰਖ ਦੀ ਮਿਹਰ ਹੋ ਜਾਵੇ। ਗਿਆਨੀ ਦੀ ਅਵਸਥਾ ਹੁਕਮ ਵਿਚ ਚੱਲਣ ਵਾਲੇ ਦੀ ਮੰਨੀ ਹੈ। ਗਿਆਨੀ ਹੁਕਮ, ਰਜਾ, ਭਾਣੇ ਵਿਚ ਰਾਜੀ ਰਹਿੰਦਾ ਹੈ। ਉਹ ਹਰ ਭਾਣੇ ਵਿਚ ਉਸ ਪਰਮ-ਪਿਤਾ ਪਰਮਾਤਮਾ ਦੇ ਹੁਕਮ ਨੂੰ ਪਛਾਣਦਾ ਹੈ ਅਤੇ ਉਸ ਪਰਮਾਤਮਾ ਦੇ ਦਿੱਤੇ ਹਰ ਰੰਗ ਵਿਚ ਰਾਜ਼ੀ ਰਹਿੰਦਾ ਹੋਇਆ ਦੁੱਖ ਅਤੇ ਸੁੱਖ ਨੂੰ ਸਮਾਨ ਜਾਣਦਾ ਹੈ। ਇਹੀ ਉਹ ਅਵਸਥਾ ਹੈ ਜਦੋਂ ਗੁਰੂ ਕਿਰਪਾ ਨਾਲ ਨਾਮ ਵਿਚ ਲੱਗਣ ਨਾਲ ਪ੍ਰਭੂ ਮਿਲਾਪ ਹੋ ਜਾਂਦਾ ਹੈ:

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ।।
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ।।੧।।ਰਹਾਉ।।
ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ।।
ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ।।੧।।
ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ।।
ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ ।।੨।।
ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ ।। ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ।।੩।।੧੧।।
(ਅੰਗ, ੬੩੩)

ਹੁਕਮ ਵਿਚ ਜੀਣਾ ਆ ਜਾਵੇ ਤਾਂ ਸਾਰੀਆਂ ਚਿੰਤਾਵਾਂ ਮੁੱਕ ਜਾਂਦੀਆਂ ਹਨ। ਫਿਰ ਮਨੁੱਖ ਨੂੰ ਨਾ ਮੌਤ ਦੀ ਚਿੰਤਾ ਤੇ ਨਾ ਡਰ ਰਹਿੰਦਾ ਹੈ:

ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ ।।
ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ ।। (ਅੰਗ ੧੪੨੯)

ਅਕਾਲ ਪੁਰਖ ਦੀ ਰਜ਼ਾ ਤੇ ਭਾਣੇ ਵਿਚ ਚੱਲ ਰਹੇ ਗਿਆਨੀ ਨੂੰ ਕੋਈ ਡਰ ਜਾ ਭੈ ਨਹੀਂ ਹੁੰਦਾ ਕਿਉਂਕਿ ਉਸ ਨੂੰ ਹੁਕਮ ਦੀ ਸਮਝ ਆ ਚੁੱਕੀ ਹੈ ਕਿ ਹੁਕਮ ਨੇ ਅਵੱਸ਼ ਹੀ ਵਾਪਰਨਾ ਹੈ ਜਿਸ ਨੂੰ ਕੋਈ ਨਹੀਂ ਬਦਲ ਸਕਦਾ।ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਨੁਸਾਰ ਧਰਮ ਤਾਂ ਤਦ ਹੀ ਸੰਭਵ ਹੈ ਜੇ ਮਨ 'ਤੇ ਕਾਬੂ ਹੋਵੇ। ਰਸਮੀ ਸਾਧਨਾ ਕਰਨ ਨਾਲ ਮਨ ਦਾ ਹੰਕਾਰ ਵੱਧਦਾ ਹੈ। ਇਹੋ ਮਨ ਦੀ ਚੰਚਲਤਾ ਹੈ। ਧਰਮ ਤਦ ਹੀ ਪੂਰਨ ਹੈ ਜੋ ਮਨ ਵੱਸ ਆ ਜਾਵੇ:

ਤੀਰਥ ਕਰੈ ਬ੍ਰਤ ਫੁਨਿ ਰਾਖੈ ਨਹ ਮਨੂਆ ਬਸਿ ਜਾ ਕੋ ।।
ਨਿਹਫਲ ਧਰਮੁ ਤਾਹਿ ਤੁਮ ਮਾਨਹੁ ਸਾਚੁ ਕਹਤ ਮੈ ਯਾ ਕਉ ।।
(ਅੰਗ, ੮੩੧)

ਮਨ ਪੱਥਰ ਨਿਆਈਂ ਹੈ ਜੋ ਭਗਤੀ ਨਾਲ ਹੀ ਭਿਜਦਾ ਹੈ ਤੇ ਵਸ ਆਉਂਦਾ ਹੈ।ਜੈਸੇ ਪਾਹਨੁ ਜਲ ਮਹਿ ਰਾਖਿਓ ਭੇਦੈ ਨਾਹਿ ਤਿਹ ਪਾਨੀ ।।
ਤੈਸੇ ਹੀ ਤੁਮ ਤਾਹਿ ਪਛਾਨਹੁ ਭਗਤਿ ਹੀਨ ਜੋ ਪ੍ਰਾਨੀ ।।(ਅੰਗ ੮੩੧)

"ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ" ਇਹ ਸਲੋਕ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਹੀ ਹਨ। ਕਿਉਂਕਿ ਆਤਮਕ ਬਲ ਵਿੱਚੋਂ ਸਾਹਸ, ਦਲੇਰੀ, ਸਿਪਾਹੀ ਦੀ ਸ਼ਕਤੀ ਤੇ ਸ੍ਵੈ-ਕਾਬੂ ਵਰਗੇ ਗੁਣ ਪੈਦਾ ਹੁੰਦੇ ਹਨ। ਇਸੇ ਲਈ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਭਗਤੀ ਉੱਤੇ ਜ਼ੋਰ ਦਿੱਤਾ ਹੈ ਤਾਂ ਜੋ ਮਨੁੱਖ ਵਿਚ ਆਤਮਿਕ ਸ਼ਕਤੀ ਪੈਦਾ ਹੋਵੇ।

ਇਹ ਉਹ ਦੈਵੀ ਮਾਰਗ ਸੀ ਜਿਸ ਅਧੀਨ ਕੌਮ ਨੂੰ ਕੁਰਬਾਨੀ ਕਰਨ ਲਈ ਤਿਆਰ ਕੀਤਾ ਗਿਆ। ਗੁਰੂ ਸਾਹਿਬਾਨ ਨੇ ਆਪਣੀ ਸਾਰੀ ਬਾਣੀ ਵਿਚ ਮਾਇਆ ਮੋਹ ਤੋਂ ਉਪਰਾਮਤਾ ਸਿਖਾਈ ਹੈ, ਕਿਉਂਕਿ ਅਜਿਹੀ ਉਪਰਾਮਤਾ ਹੀ ਅੱਤਿਆਚਾਰੀ ਹਕੂਮਤ ਤੇ ਸ਼ਾਸਕ ਦੀ ਗੁਲਾਮੀ ਦੀਆਂ ਜ਼ੰਜੀਰਾਂ ਤੋੜਦੀ ਹੈ। ਇਸ ਲਈ ਸਾਧਕ ਆਪਣੇ ਤਨ, ਮਨ, ਧਨ ਨੂੰ ਕੁਰਬਾਨ ਕਰਨ ਤੋਂ ਵੀ ਪਿੱਛੇ ਨਹੀਂ ਹਟਦਾ। ਇਸ ਤਰੀਕੇ ਨਾਲ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਇਸ ਆਹੂਤੀ ਲਈ ਕੌਮ ਨੂੰ ਤਿਆਰ ਕੀਤਾ।

ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਧਰਮ ਸਿਧਾਂਤ ਬਾਰੇ ਦੱਸਿਆ ਹੈ ਕਿ ਧਰਮ ਪ੍ਰਭੂ ਪ੍ਰੇਮ ਹੈ, ਪਰ ਪ੍ਰੇਮ ਲਈ ਤਨ, ਮਨ, ਧਨ ਦੀ ਕੁਰਬਾਨੀ ਲੋੜੀਂਦੀ ਹੈ। ਆਪਣਾ ਆਪ ਵੀ ਕੁਰਬਾਨ ਕਰਨਾ ਪੈਂਦਾ ਹੈ। ਗੁਰੂ ਸਾਹਿਬਾਨ ਨੇ ਭਗਤ ਕਬੀਰ ਜੀ ਦੇ ਨਿਮਨ-ਦਰਜ ਦੋ ਸਲੋਕਾਂ ਦੀ ਇਹੋ ਭਾਵਨਾ ਪਰਵਾਨ ਕਰਦਿਆਂ ਹੀ ਮਾਰੂ ਰਾਗ ਵਿਚ ਦਰਜ ਕੀਤੇ ਸਨ:

ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ।।
ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ।।੧।।
ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ।।
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ।।੨।।੨।।(ਅੰਗ ੧੧੦੫)

ਇਸੇ ਭਾਵਨਾ ਵਿਚ ਬਲੁ ਛੁਟਕਿਓ ਬੰਧਨ ਪਰੇ ਅਤੇ ਬਲੁ ਹੋਆ ਬੰਧਨ ਛੁਟੇ ਦੇ ਸਲੋਕ ਹਨ।


ਇਹ ਬਲ ਧਾਰਨ ਕਰਨ ਲਈ ਲੋੜੀਂਦੀ ਸ਼ਰਤ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਆਪਣੀ ਸਾਰੀ ਬਾਣੀ ਵਿਚ ਸਪੱਸ਼ਟ ਕੀਤੀ ਹੈ।

ਜਿੱਥੇ ਗਿਆਨ ਆ ਗਿਆ, ਉੱਥੇ ਤਿਆਗ ਆਇਗਾ, ਜਿੱਥੇ ਤਿਆਗ ਆ ਗਿਆ, ਉੱਥੇ ਬਲ ਆਇਗਾ, ਉੱਥੇ ਹੀ ਅਜਾਦੀ ਆਵੇਗੀ। ਇਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਉਪਦੇਸ਼ ਹੈ।

**-ਡਾ. ਨਰਿੰਦਰ ਕੌਰ**

# ਗੁਰਮਤਿ ਵਿਚ ਕਿਰਤ ਦੀ ਮਹੱਤਤਾ





-ਪ੍ਰੋ. ਕਿਰਪਾਲ ਸਿੰਘ ਬਡੂੰਗਰ

ਜੰਗਲੀ ਯੁੱਗ ਤੋਂ ਲੈ ਕੇ ਅੱਜ ਦੇ ਵਿਗਿਆਨਕ ਯੁੱਗ ਤਕ ਮਨੁੱਖ ਨੇ ਜਿੰਨਾ ਵੀ ਵਿਕਾਸ ਕੀਤਾ ਹੈ ਆਪਣੀ ਅਣਥੱਕ ਮਿਹਨਤ ਅਤੇ ਘਾਲਣਾ ਨਾਲ ਕੀਤਾ ਹੈ। ਮਨੁੱਖ ਨੂੰ ਆਦਿ ਕਾਲ ਤੋਂ ਹੀ ਆਪਣੇ ਜੀਵਨ ਨੂੰ ਕਾਇਮ ਰੱਖਣ ਲਈ ਤੇ ਜੀਵਨ ਦੇ ਨਿਰਬਾਹ ਲਈ ਪ੍ਰਕਿਰਤੀ ਦੀਆਂ ਤਾਕਤਾਂ ਦਾ ਸਾਹਮਣਾ ਕਰਨ ਦੇ ਨਾਲ-ਨਾਲ ਸਖਤ ਮਿਹਨਤ ਕਰਨੀ ਪਈ ਹੈ। ਸਮਾਜਿਕ ਵਿਵਸਥਾ ਦੇ ਸਥਾਪਿਤ ਹੋਣ ਨਾਲ ਮਨੁੱਖਾਂ ਦੇ ਦਰਮਿਆਨ ਆਪਸ ਵਿਚ ਵਿਤਕਰਾ ਹੋਣ ਲੱਗਾ। ਕੁਝ ਮਨੁੱਖ ਆਗੂ ਬਣਨ ਲੱਗੇ ਤੇ ਕੁਝ ਉਨ੍ਹਾਂ ਦੇ ਅਧੀਨ ਹੋ ਗਏ। ਸਮਾਜਿਕ ਤਰੱਕੀ ਦੇ ਨਾਲ ਸਮਾਜਿਕ ਵੰਡ ਤੇ ਵਰਗ ਵੀ ਹੋਰ ਮਜਬੂਤ ਹੋਣ ਲੱਗੇ। ਕੁਝ ਲੋਕ ਕੰਮ ਲੈਣ ਵਾਲੇ ਹੋ ਗਏ ਤੇ ਕੁਝ ਕੰਮ ਕਰਨ ਵਾਲੇ ਹੋ ਗਏ ਅਤੇ ਕੁਝ ਲੋਕ ਦੂਜਿਆਂ ਦੇ ਕੰਮ ਦਾ ਲਾਭ ਉਠਾਉਣ ਲੱਗੇ।ਭਾਰਤੀ ਸਮਾਜ ਚਾਰ ਵਰਣਾਂ ਵਿਚ ਵੰਡਿਆ ਗਿਆ। ਕੰਮ ਦਾ ਭਾਰ ਨਿਚਲੇ ਵਰਗ ਦੇ ਲੋਕਾਂ 'ਤੇ ਆ ਗਿਆ। ਇਨ੍ਹਾਂ ਨੂੰ ਕਥਿਤ ਸ਼ੂਦਰ ਕਿਹਾ ਜਾਂਦਾ ਸੀ । ਬ੍ਰਾਹਮਣ, ਖੱਤਰੀ ਤੇ ਵੈਸ਼ ਤਿੰਨੇ ਵਰਗ ਇਨ੍ਹਾਂ ਦਾ ਸ਼ੋਸ਼ਣ ਕਰਨ ਲੱਗੇ। ਸਮਾਜ ਦੇ ਵਿਕਾਸ ਵਿਚ ਵਧੇਰੇ ਯੋਗਦਾਨ ਗਰੀਬ ਤੇ ਨਿਚਲੇ ਵਰਗ ਦੇ ਲੋਕਾਂ ਦਾ ਹੀ ਪਾਇਆ ਹੋਇਆ ਹੈ।ਇਸ ਦੇ ਬਾਵਜੂਦ ਇਨ੍ਹਾਂ ਲੋਕਾਂ ਦਾ ਸਮਾਜ ਵਿਚ ਤ੍ਰਿਸਕਾਰ ਕੀਤਾ ਜਾਂਦਾ ਸੀ। ਇਸ ਤਰ੍ਹਾਂ ਕੰਮ ਕਰਨ ਵਾਲਾ ਵਰਗ ਗਰੀਬੀ ਹੇਠ ਪਿਸ ਕੇ ਕਮਜ਼ੋਰ ਹੁੰਦਾ ਗਿਆ। ਇਸ ਦੇ ਮੁਕਾਬਲੇ 'ਤੇ ਦੂਜੇ ਵਰਗ ਦੇ ਲੋਕ ਵਿਹਲੜ ਅਤੇ ਦਲਿੱਦਰੀ ਹੋ ਗਏ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਧਰਤੀ ਉੱਤੇ ਪਹਿਲੀ ਵਾਰ ਕਿਰਤ ਦੀ ਮਹਾਨਤਾ ਨੂੰ ਉਜਾਗਰ ਕੀਤਾ। ਉਨ੍ਹਾਂ ਨੇ ਮਲਕ ਭਾਗੋ ਦੀ ਕਮਾਈ ਨੂੰ ਪਾਪ ਦੀ ਕਮਾਈ ਦੱਸਿਆ ਤੇ ਉਸ ਦਾ ਭੋਜਨ ਖਾਣ ਤੋਂ ਇਨਕਾਰ ਕਰ ਦਿੱਤਾ। ਗੁਰੂ ਜੀ ਨੇ ਭਾਈ ਲਾਲੋ ਦੀ ਕੋਧਰੇ ਦੀ ਰੋਟੀ ਨੂੰ ਉੱਤਮ ਸਮਝਿਆ ਕਿਉਂਕਿ ਇਹ ਦਸਾਂ ਨਹੁੰਆਂ ਦੀ ਕਿਰਤ ਕਮਾਈ ਕਰ ਕੇ ਤਿਆਰ ਕੀਤੀ ਗਈ ਸੀ। ਗੁਰੂ ਜੀ ਨੇ ਆਪਣੇ ਆਪ ਨੂੰ ਕਿਰਤਕਮਾਈ ਕਰਨ ਵਾਲੇ ਅਖੌਤੀ ਨੀਚ ਵਰਗਾਂ ਦੇ ਲੋਕਾਂ ਦਾ ਸਾਥੀ ਹੋਣ ਦਾ ਐਲਾਨ ਕੀਤਾ:ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ।।ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ।।ਬ੍ਰਾਹਮਣ, ਖੱਤਰੀ ਤੇ ਵੈਸ਼ ਵਰਗ ਤੋਂ ਇਲਾਵਾ ਜੋਗੀ, ਸੰਨਿਆਸੀ, ਕਾਜ਼ੀ ਅਤੇਹੋਰ ਅਖੌਤੀ ਧਾਰਮਿਕ ਵਿਅਕਤੀ ਵੀ ਆਪ ਹੱਥਾਂ ਨਾਲ ਕਮਾ ਕੇ ਖਾਣਾ ਪਾਪ ਸਮਝਦੇ ਸਨ। ਉਹ ਦੂਜਿਆਂ ਤੋਂ ਦਾਨ ਲੈਣਾ, ਵੱਢੀਆਂ ਲੈਣੀਆਂ ਆਪਣਾ ਅਧਿਕਾਰ ਮੰਨਦੇ ਸਨ । ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਰਤੀ ਸਮਾਜ ਵਿਚ ਸਭ ਤੋਂ ਵੱਡੀ ਕ੍ਰਾਂਤੀ ਇਹ ਲਿਆਂਦੀ ਕਿ ਉਨ੍ਹਾਂ ਨੇ ਧਰਮ ਨੂੰ ਕਿਰਤ ਨਾਲ ਜੋੜ ਦਿੱਤਾ। ਉਨ੍ਹਾਂ ਨੇ ਕਿਰਤ ਕਰਨ ਅਤੇ ਨਾਮ ਜਪਣ ਵਾਲੇ ਨੂੰ ਹੀ ਸੱਚਾ ਧਾਰਮਿਕ ਤੇ ਗਿਆਨ ਦਾ ਅਧਿਕਾਰੀ ਮੰਨਿਆ। ਗੁਰੂ ਜੀ ਨੇ ਲੋਕਾਂ ਨੂੰ ਪਰਮਾਤਮਾ ਦੀ ਪ੍ਰਾਪਤੀ ਲਈ ਘਰ-ਬਾਰ ਛੱਡਣ ਤੋਂ ਰੋਕਿਆ ਤੇ ਗ੍ਰਿਹਸਤ ਵਿਚ ਰਹਿੰਦਿਆਂ ਨਾਮ ਜਪਣ, ਦਸਾਂ ਨਹੁੰਆਂ ਦੀ ਕਿਰਤ ਕਰਨ ਤੇ ਵੰਡ ਛਕਣ ਦਾ ਮਾਰਗ ਦਰਸਾਇਆ। ਗੁਰੂ ਜੀ ਨੇ ਦਰਿੱਦਰ ਦੀ ਥਾਂ ਉੱਦਮ ਕਰਨ ਦਾ ਉਪਦੇਸ਼ ਦਿੱਤਾ :-ਉਦਮੁ ਕਰਤ ਆਨਦੁ ਭਇਆ ਸਿਮਰਤ ਸੁਖ ਸਾਰੁ ।। -ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ।।ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ ।। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮੂਲ-ਮੰਤਰ ਵਿਚ ਅਕਾਲਪੁਰਖ ਨੂੰ "ਕਰਤਾ ਪੁਰਖ" ਲਿਖਿਆ ਹੈ। ਸੱਚਮੁਚ ਹੀ ਅਕਾਲ ਪੁਰਖ ਸਭ ਤੋਂ ਵੱਡਾ ਕਿਰਤੀ ਹੈ, ਕਰਤਾ-ਕਰਤਾਰ ਹੈ, ਉੱਚਤਮ ਕਲਾਕਾਰ ਹੈ, ਵਿਲੱਖਣ ਸ਼ਿਲਪਕਾਰ ਹੈ। ਇਹ ਸ੍ਰਿਸ਼ਟੀ, ਪ੍ਰਕਿਰਤੀ ਅਰਥਾਤ ਤ੍ਰਿਭਵਣ ਉਸੇ ਅਕਾਲ ਪੁਰਖ ਦੀ ਸਾਜੀ, ਸਵਾਰੀ ਅਤੇ ਸ਼ਿੰਗਾਰੀ ਅਨਮੋਲ, ਅਦਭੁੱਤ ਅਤੇ ਚਮਤਕਾਰੀ ਕਿਰਤ ਹੈ-- "ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ ।।" ਉਹ ਇਸ ਨੂੰ ਬਣਾਉਂਦਾ ਅਤੇ ਢਾਹੁੰਦਾ ਰਹਿੰਦਾ ਹੈ। ਇਹ ਉਸ ਦੀ ਖੇਡ ਹੈ। ਗੁਰਵਾਕ ਹੈ :-ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ ।।ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ ।।-ਕਈ ਬਾਰ ਪਸਰਿਓ ਪਾਸਾਰ।।-ਨਾਨਕ ਸਚੇ ਕੀ ਸਾਚੀ ਕਾਰ ।।-ਭਨਿ ਭਨਿ ਘੜੀਐ ਘੜਿ ਘੜਿ ਭਜੈ ਢਾਹਿ ਉਸਾਰੈ ਉਸਰੇ ਢਾਹੈ।। ਇਹ ਮਨੁੱਖ ਉਸੇ ਸਿਰਜਣਹਾਰੇ ਭੰਜਨ-ਘੜਨ ਅਤੇ ਸਮਰੱਥ ਸੁਆਮੀ ਦੀ ਅੰਸ਼-ਵੰਸ਼ ਹੈ। ਜੋ ਮਨੁੱਖ ਕਿਰਤ ਤੋਂ ਕੰਨੀ ਕਤਰਾਉਂਦਾ ਹੈ, ਵਿਹਲੜ ਅਤੇ ਸਮਾਜ ਉੱਤੇ ਬੋਝ ਹੈ। ਉਹ ਤਾਂ ਅਕਾਲ ਪੁਰਖ ਤੋਂ ਬੇਮੁਖ ਹੀ ਹੋਇਆ। ਇਸ ਲਈ ਕਿਰਤ ਹੀ ਧਰਮ-ਕਰਮ ਹੈ।ਧਰਮ ਦੇ ਨਾਂ 'ਤੇ ਜੋ ਲੋਕ ਵਿਹਲੇ ਬੈਠ ਕੇ ਛਕਦੇ ਸਨ ਗੁਰੂ ਜੀ ਨੇ ਉਨ੍ਹਾਂ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਅਤੇ ਲੋਕਾਂ ਨੂੰ ਉਨ੍ਹਾਂ ਦਾ ਕੋਈ ਸਤਿਕਾਰ ਨਾ ਕਰਨ ਦਾ ਆਦੇਸ਼ ਦਿੱਤਾ। ਗੁਰੂ ਜੀ ਨੇ ਉਨ੍ਹਾਂ ਨੂੰ ਦੈਵੀ ਸ਼ਕਤੀਆਂ ਦੇ ਮਾਲਕ,ਮਹਾਂਪੁਰਖ ਤੇ ਕਰਾਮਾਤੀ ਮੰਨਣ ਦੀ ਥਾਂ ਸਮਾਜ ਦਾ ਉਜਾੜਾ ਕਰਨ ਵਾਲੇ ਕਿਹਾ ਹੈ। ਗੁਰੂ ਜੀ ਅਨੁਸਾਰ ਵਿਹਲੜ ਮਨੁੱਖ ਪਰਮਾਤਮਾ ਦੀ ਪ੍ਰਾਪਤੀ ਨਹੀਂ ਕਰ ਸਕਦਾ ਬਲਕਿ ਉਹ ਵਿਅਕਤੀ ਹੀ ਕਰ ਸਕਦਾ ਹੈ ਜੋ ਆਪ ਕੰਮ ਕਰ ਕੇ ਖਾਂਦਾ ਹੈ ਤੇ ਪਰਉਪਕਾਰ ਹਿੱਤ ਵੀ ਕੁਝ ਖਰਚ ਕਰਦਾ ਹੈ। ਗੁਰੂ ਜੀ ਦਾ ਫੁਰਮਾਨ ਹੈ:ਗੁਰੁ ਪੀਰੁ ਸਦਾਏ ਮੰਗਣ ਜਾਇ।। ਤਾ ਕੈ ਮੂਲਿ ਨ ਲਗੀਐ ਪਾਇ ।। ਘਾਲਿ ਖਾਇ ਕਿਛੁ ਹਥਹੁ ਦੇਇ ।।ਨਾਨਕ ਰਾਹੁ ਪਛਾਣਹਿ ਸੇਇ ।।ਗੁਰਮਤਿ ਦਾ ਮੁੱਖ ਉਦੇਸ਼ ਪ੍ਰਭੂ ਦੀ ਪ੍ਰਾਪਤੀ ਹੈ। ਜੀਵਨ ਨਿਰਬਾਹ ਦੀ ਖਾਤਰ ਕੰਮ ਕਰਦਿਆਂ ਜੀਵ ਨੇ ਇਸ ਉਦੇਸ਼ ਨੂੰ ਹਮੇਸ਼ਾਂ ਸਾਹਮਣੇ ਰੱਖਣਾ ਹੈ ਸਿਰਫ ਦੁਨਿਆਵੀ ਕੰਮਾਂ-ਕਾਰਾਂ ਵਿਚ ਹੀ ਉਲਝ ਕੇ ਨਹੀਂ ਰਹਿ ਜਾਣਾ। ਗੁਰਮਤਿ ਅਤੇ ਮਾਰਕਸਵਾਦ ਵਿਚ ਇਸ ਪੱਖ ਤੋਂ ਵੱਡਾ ਅੰਤਰ ਹੈ। ਗੁਰਮਤਿ ਦਾ ਦ੍ਰਿਸ਼ਟੀਕੋਣ ਸਮਾਜਵਾਦ ਵਾਂਗ ਸਿਰਫ ਪਦਾਰਥ ਤਕ ਹੀ ਸੀਮਤ ਨਹੀਂ ਹੈ। ਗੁਰਮਤਿ ਅਨੁਸਾਰ ਮਨੁੱਖ ਦੀ ਆਤਮਾ ਅਤੇ ਸਰੀਰ ਦੋਹਾਂ ਨੂੰ ਬਲਵਾਨ ਬਣਾਉਣਾ ਹੈ। ਇਹ ਦੋਹਾਂ ਦੀਆਂ ਵੱਖ-ਵੱਖ ਲੋੜਾਂ ਨੂੰ ਪੂਰਾ ਕਰਨ ਦਾ ਸਿਧਾਂਤ ਹੈ। ਗੁਰੂ ਦਾ ਆਸ਼ਾ ਦੋਵੇਂ ਲੋਕਾਂ ਨੂੰ ਸੁਹੇਲੇ ਕਰਨਾ ਹੈ। ਇਸ ਲਈ ਮਨੁੱਖ ਨੇ ਕਿਰਤ ਕਰਦਿਆਂ ਆਪਣਾ ਚਿਤ ਨਿਰੰਜਨ ਭਾਵ ਪਰਮਾਤਮਾ ਨਾਲ ਜੋੜੀ ਰੱਖਣਾ ਹੈ। ਗੁਰਬਾਣੀ ਦਾ ਮਹਾਂਵਾਕ ਹੈ:ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ ।। ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ।। ਲੋਕਾਂ ਦੀ ਲੁੱਟ-ਖਸੁੱਟ ਕਰ ਕੇ ਆਪਣੀਆਂ ਗੋਗੜਾਂ ਭਾਰੀ ਕਰਨ ਅਤੇ ਐਸ਼-ਪ੍ਰਸਤੀ ਕਰਨ ਵਾਲੇ ਲੋਕਾਂ ਨੂੰ ਵੀ ਗੁਰੂ ਸਾਹਿਬ ਨੇ ਪ੍ਰਵਾਨ ਨਹੀਂ ਕੀਤਾ। ਲੋਕਾਂ ਨੂੰ ਲੁੱਟਣ ਅਤੇ ਕੁੱਟਣ ਵਾਲੇ ਸੱਜਣ ਠੱਗ ਅਤੇ ਉਸ ਵਰਗੇ ਹੋਰ ਅਨੇਕਾਂ ਹੀ ਕੁਰਾਹੇ ਪਿਆਂ ਨੂੰ ਗੁਰੂ ਜੀ ਨੇ ਸਹੀ ਰਸਤਾ ਵਿਖਾਇਆ ਅਤੇ ਹੱਥੀਂ ਧਰਮ ਦੀ ਕਿਰਤ (ਸੁਕ੍ਰਿਤ) ਕਰਨ ਲਈ ਪ੍ਰੇਰਿਆ।

ਅਧਿਆਤਮ ਅਤੇ ਨੈਤਿਕਤਾ ਦੇ ਰੰਗ ਵਿਚ ਰੰਗੇ ਜਾਣ ਨਾਲ ਮਨੁੱਖ ਦਾ ਸੰਸਾਰਕ ਕਾਰਜ ਵੀ ਇਕ ਸੁਕ੍ਰਿਤ ਭਾਵ ਸੁੱਚੀ ਕਿਰਤ ਬਣ ਜਾਂਦਾ ਹੈ। ਇਸ ਤਰ੍ਹਾਂ ਦੇ ਮਨੁੱਖ ਦਾ ਆਸ਼ਾ ਕਿਰਤ ਕਰ ਕੇ ਮੁਨਾਫਾ ਕਮਾਉਣਾ ਜਾਂ ਵੱਧ ਤੋਂ ਵੱਧ ਧਨ ਜੋੜਨਾ ਨਹੀਂ ਹੁੰਦਾ। ਉਹ ਤਾਂ ਕਿਰਤ ਇਸ ਲਈ ਕਰਦਾ ਹੈ ਕਿ ਦੂਜਿਆਂ 'ਤੇ ਬੋਝ ਨਾ ਬਣੇ ਅਤੇ ਲੋੜਵੰਦਾਂ ਦੀ ਸਹਾਇਤਾ ਕਰੇ। ਭਾਈ ਗੁਰਦਾਸ ਜੀ ਨੇ ਲਿਖਿਆ ਹੈ:ਹਥੀ ਕਾਰ ਕਮਾਵਣੀ ਪੈਰੀ ਚਲਿ ਸਤਿਸੰਗ ਮਿਲੇਹੀ। ਕਿਰਤਿ ਵਿਰਤਿ ਕਰ ਧਰਮ ਦੀ ਖਟਿ ਖਵਾਲਣੁ ਕਾਰਿ ਕਰੇਹੀ। (ਵਾਰ ੧:੩)ਗੁਰਮਤਿ ਤਾਂ ਹੱਥੀਂ ਕਾਰ ਭਾਵ ਕਿਰਤ ਜਾਂ ਸੇਵਾ ਨਾ ਕਰਨ ਵਾਲੇ ਦੇ ਹੱਥਾਂ-ਪੈਰਾਂ ਨੂੰ ਹੀ ਬੇਅਰਥ ਸਮਝਦੀ ਹੈ-- "ਵਿਣੁ ਸੇਵਾ ਧ੍ਰਿਗ ਹਥ ਪੈਰ ਹੋਰ ਨਿਹਫਲ ਕਰਣੀ।।" ਹੱਥੀਂ ਕਿਰਤ ਕਰਨ ਵਾਲਾ ਮਨੁੱਖ ਸਵੈਮਾਣ ਅਤੇ ਸੰਤੁਸ਼ਟੀ ਦੀ ਜ਼ਿੰਦਗੀ ਜਿਊਂਦਾ ਹੈ। ਉਸ ਨੂੰ ਕਿਸੇ ਦੀ ਮੁਛੰਦਗੀ ਨਹੀਂ ਹੁੰਦੀ।ਸ੍ਰੀ ਗੁਰੂ ਨਾਨਕ ਦੇਵ ਜੀ ਦਾ ਦਰਸਾਇਆ ਕਿਰਤ ਦੀ ਮਹੱਤਤਾ ਦਾ ਮਾਰਗ ਅੱਜ ਦੇ ਯੁੱਗ ਵਿਚ ਵੀ ਮਹੱਤਤਾ ਰੱਖਦਾ ਹੈ। ਅੱਜ ਸਾਡੀ ਨੌਜਵਾਨ ਪੀੜ੍ਹੀ ਹੱਥੀਂ ਕਿਰਤ ਕਰਨ ਨੂੰ ਆਪਣੀ ਸ਼ਾਨ ਦੇ ਖ਼ਿਲਾਫ਼ ਸਮਝਦੀ ਹੈ ਤੇ ਕਿਰਤ ਕਰਨ ਤੋਂ ਗੁਰੇਜ਼ ਕਰਦੀ ਹੈ। ਇਸ ਕਾਰਨ ਸਾਡਾ ਸਮਾਜ ਫਿਰ ਕਮਜ਼ੋਰ ਹੁੰਦਾ ਜਾ ਰਿਹਾ ਹੈ। ਸਾਡੇ ਨੌਜਵਾਨਾਂ ਨੇ ਜੇ ਆਪਣਾ ਭਵਿੱਖ ਸੁਧਾਰਨਾ ਹੈ ਤਾਂ ਉਨ੍ਹਾਂ ਨੂੰ ਮੁਸ਼ੱਕਤ ਤੇ ਕਿਰਤ ਕਰਨ ਦੀ ਆਦਤ ਬਣਾਉਣੀ ਹੋਵੇਗੀ। ਜਿਹੜੇ ਮੁਲਕਾਂ ਨੇ ਤਰੱਕੀ ਕੀਤੀ ਹੈ, ਉਨ੍ਹਾਂ ਨੇ ਸਖਤ ਮਿਹਨਤ ਅਰਥਾਤ ਕਿਰਤ ਦੇ ਸਿਰ 'ਤੇ ਕੀਤੀ ਹੈ। ਸਾਡੇ ਲੋਕਾਂ ਵਿਚ ਬਾਹਰਲੇ ਮੁਲਕਾਂ ਨੂੰ ਜਾਣ ਦੀ ਹੋੜ ਲੱਗੀ ਹੋਈ ਹੈ। ਉੱਥੇ ਜਾ ਕੇ ਇਹ ਹਰ ਤਰ੍ਹਾਂ ਦਾ ਕੰਮ ਕਰਨ ਨੂੰ ਤਿਆਰ ਹੁੰਦੇ ਹਨ। ਇਸ ਨੂੰ ਫੋਕੀ ਹਉਮੈਂ ਜਾਂ ਗੁਲਾਮ ਜਹਿਨੀਅਤ ਹੀ ਕਿਹਾ ਜਾ ਸਕਦਾ ਹੈ। ਇਸ ਰੁਚੀ ਕਾਰਨ ਸਾਡੇ ਮੁਲਕ ਦਾ ਸੰਤੁਲਨ ਵਿਗੜ ਰਿਹਾ ਹੈ। ਸਾਡੀ ਮਨੁੱਖੀ ਸ਼ਕਤੀ ਵਿਅਰਥ ਜਾ ਰਹੀ ਹੈ। ਜੇ ਸਾਡੇ ਨੌਜਵਾਨ ਕਿਰਤ ਦਾ ਸਤਿਕਾਰ ਕਰਨ ਲੱਗ ਜਾਣ ਤਾਂ ਸਾਨੂੰ ਬਾਹਰਲੇ ਮੁਲਕਾਂ ਨੂੰ ਨਾ ਦੌੜਨਾ ਪਵੇ ਤੇ ਸਾਡੀ ਬੇਰੁਜ਼ਗਾਰੀ ਦੀ ਸਮੱਸਿਆ ਦਾ ਵੀ ਹੱਲ ਹੋ ਜਾਵੇਗਾ।ਕਿਰਤ ਬਿਨਾ ਮਨੁੱਖ ਦਾ ਜੀਵਨ ਬੇਕਾਰ ਤੇ ਨਿਕਮਾ ਹੋ ਜਾਂਦਾ ਹੈ। ਉਹ ਘੋਰ ਨਿਰਾਸ਼ਾ ਵਿਚ ਰਹਿੰਦਾ ਹੈ ਤੇ ਇਸ ਤਰ੍ਹਾਂ ਕਈ ਤਰ੍ਹਾਂ ਦੀਆਂ ਬੁਰਾਈਆਂ, ਬਿਮਾਰੀਆਂ, ਆਲਸਪੁਣੇ ਅਤੇ ਦਲਿੱਦਰ ਦਾ ਸ਼ਿਕਾਰ ਹੋ ਜਾਂਦਾ ਹੈ। ਉਂਝ ਵੀ ਵਿਹਲਾ ਮਨ ਸ਼ੈਤਾਨ ਦੀ ਵਰਕਸ਼ਾਪ ਹੀ ਹੁੰਦਾ ਹੈ। ਸਾਡੇ ਸਮਾਜ ਵਿਚ ਪਤਿਤਪੁਣਾ ਤੇ ਨਸ਼ਿਆਂ ਦੇ ਸੇਵਨ ਵਰਗੀਆਂ ਬਿਮਾਰੀਆਂ ਕਿਰਤ ਦੀ ਘਾਟ ਕਰਕੇ ਹੀ ਪੈਦਾ ਹੋ ਰਹੀਆਂ ਹਨ।

ਕਿਰਤ ਕਰਦਿਆਂ ਮਨੁੱਖ ਦਾ ਧਿਆਨ ਗਲਤ ਪਾਸੇ ਜਾ ਹੀ ਨਹੀਂ ਸਕਦਾ। ਉਹ ਜੀਵਨ ਦਾ ਅਨੰਦ ਮਾਣਦਾ ਹੋਇਆ ਆਪਣੀ ਆਤਮਾ ਦੇ ਵਿਕਾਸ ਲਈ ਵੀ ਯਤਨ ਕਰਦਾ ਹੈ।ਕਿਰਤ ਕਰਨ ਨਾਲ ਮਨੁੱਖ ਦਾ ਸਵੈਮਾਣ ਤੇ ਸਤਿਕਾਰ ਵਧਦਾ ਹੈ। ਸਮਾਜ ਵਿਚ ਉਸ ਦੀ ਇੱਜ਼ਤ ਹੁੰਦੀ ਹੈ। ਕਿਰਤ ਤੋਂ ਬਿਨਾ ਮਨੁੱਖ ਦੂਜਿਆਂ ਦਾ ਮੁਥਾਜ ਹੁੰਦਾ ਹੈ ਤੇ ਉਸ ਦਾ ਜੀਵਨ ਇਕ ਵਰਦਾਨ ਨਹੀ ਸਗੋਂ ਲਾਹਨਤ ਬਣ ਕੇ ਰਹਿ ਜਾਂਦਾ ਹੈ। ਭਗਤਫਰੀਦ ਜੀ ਫੁਰਮਾਉਂਦੇ ਹਨ :ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ ।।ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ ।।ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਦਾਸੀਆਂ ਉੱਤੇ ਨਿਕਲਣ ਤੋਂ ਪਹਿਲਾਂ ਮੋਦੀਖਾਨੇ ਵਿਚ ਨੌਕਰੀ ਕੀਤੀ ਅਤੇ ਉਦਾਸੀਆਂ ਉਪਰੰਤ ਕਰਤਾਰਪੁਰ ਸਾਹਿਬ ਵਿਖੇ ਤਕਰੀਬਨ ੧੭ ਸਾਲ ਹੱਥੀਂ ਕਿਰਤ (ਖੇਤੀਬਾੜੀ) ਕੀਤੀ ਅਤੇ ਦੁਨੀਆ ਦੇ ਸਾਹਮਣੇ ਇਕ ਵਿਲੱਖਣ ਮਿਸਾਲ ਕਾਇਮ ਕਰ ਦਿੱਤੀ। ਗੁਰੂ ਸਾਹਿਬਾਨ ਨੇ ਹੱਥੀਂ ਕੋਹੜ ਦੇ ਰੋਗੀਆਂ ਦੀ ਸੇਵਾ ਕੀਤੀ। ਸ੍ਰੀ ਗੁਰੂ ਰਾਮਦਾਸ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਸਮੇਂ ਸਿਰ ਉੱਤੇ ਇੱਟਾਂ, ਚੂਨਾ ਆਦਿ ਢੋਇਆ ਅਤੇ ਘੁੰਗਣੀਆਂ ਵੇਚ ਕੇ ਆਪਣਾ ਗੁਜ਼ਾਰਾ ਕੀਤਾ ਅਤੇ ਕਿਰਤ ਕਰਨ ਦੀ ਇਕ ਸ਼ਾਨਦਾਰ ਮਿਸਾਲ ਕਾਇਮ ਕੀਤੀ।ਅਸੀਂ ਜੇ ਮੁਲਕ ਦਾ ਸਹੀ ਵਿਕਾਸ ਕਰਨਾ ਹੈ ਤਾਂ ਸਾਨੂੰ ਕਿਰਤ ਦਾ ਸਹੀ ਮਹੱਤਵ ਸਮਝਣਾ ਹੋਵੇਗਾ। ਅੰਤਰਰਾਸ਼ਟਰੀ ਮਜ਼ਦੂਰ ਸੰਗਠਨ ਵੱਲੋਂ ਹਰ ਸਾਲ ਕਿਰਤੀਆਂ ਦੀ ਮਹੱਤਤਾ ਨੂੰ ਦਰਸਾਸਾਉਣ ਲਈ ੧ ਮਈ ਨੂੰ ਵਿਸ਼ੇਸ਼ ਦਿਨ ਮਨਾਇਆ ਜਾਂਦਾ ਹੈ। ਇਸ ਦਿਨ ਸਰਕਾਰੀ ਛੁੱਟੀ ਵੀ ਕੀਤੀ ਜਾਂਦੀ ਹੈ। ਇਸ ਲਈ ਇੰਨਾ ਹੀ ਕਾਫੀ ਨਹੀਂ। ਕਿਰਤ ਦੀ ਮਹੱਤਤਾ ਨੂੰ ਸਥਾਪਿਤ ਕਰਨ ਲਈ ਸਰਕਾਰ ਨੂੰ ਕਿਰਤੀਆਂ ਦੀ ਕਦਰ ਵੀ ਕਰਨੀ ਹੋਵੇਗੀ। ਇਹ ਵੀ ਵੇਖਣਾ ਹੋਵੇਗਾ ਕਿ ਕਿਰਤੀਆਂ ਦੀ ਕਿਰਤ ਦਾ ਸਹੀ ਮੁੱਲ ਮਿਲੇ, ਕੋਈ ਕਿਰਤੀਆਂ ਦਾ ਸ਼ੋਸ਼ਣ ਨਾ ਕਰੇ। ਇਹ ਸਭਤਾਂ ਹੀ ਹੋ ਸਕਦਾ ਹੈ ਜੇ ਦੇਸ਼ ਵਿਚ ਕੋਈ ਬੇਰੁਜ਼ਗਾਰ ਨਾ ਹੋਵੇ। ਬੇਰੁਜ਼ਗਾਰ ਵਿਅਕਤੀ ਦਾ ਸ਼ੋਸ਼ਣ ਕੋਈ ਵੀ ਅਸਾਨੀ ਨਾਲ ਕਰ ਸਕਦਾ ਹੈ। ਉਹ ਗਰਜ਼ਮੰਦ ਹੁੰਦਾ ਹੈ। ਉਸ ਵਿਚ ਆਪਣੀ ਕਿਰਤ ਦਾ ਸਹੀ ਮੁੱਲ ਲੈ ਸਕਣ ਦਾ ਆਤਮ-ਵਿਸ਼ਵਾਸ ਤੇ ਸਵੈਮਾਣ ਨਹੀਂ ਹੁੰਦਾ। ਅੱਜ ਮੁੱਖ ਲੋੜ ਹੈ ਕਿ ਲੋਕਾਂ ਨੂੰ ਕੰਮ ਮਿਲੇ। ਸਰਕਾਰ ਦਾ ਕੰਮ ਲੋਕਾਂ ਨੂੰ ਕੰਮ ਦੇਣਾ ਭਾਵ ਕਿਰਤ ਮੁਹੱਈਆ ਕਰਵਾਉਣਾ ਹੈ। ਜੇ ਲੋਕਾਂ ਨੂੰ ਮੁਲਕ ਵਿਚ ਉਚਿਤ ਕੰਮ ਮਿਲ ਸਕਦਾ ਹੋਵੇ ਤਾਂ ਉਹ ਵਿਦੇਸ਼ਾਂ ਵਿਚ ਜਾਣ ਲਈ ਯਤਨ ਨਾ ਕਰਨ ਅਤੇ ਏਜੰਟਾਂ ਦੇ ਹੱਥ ਚੜ੍ਹ ਕੇ ਖੁਆਰ ਨਾ ਹੁੰਦੇ ਫਿਰਨ। ਕੰਮ ਨਾ ਮਿਲਣ ਕਾਰਨ ਸਾਡੀ ਜਵਾਨੀ ਦੇਸ਼ ਵਿਚ ਵੀ ਰੁਲ ਰਹੀ ਹੈ ਤੇ ਵਿਦੇਸ਼ਾਂ ਵਿਚ ਜਾ ਕੇ ਵੀ ਰੁਲਦੀ ਹੈ। ਸਾਨੂੰ ਚਾਹੀਦਾ ਹੈ ਕਿ ਅਸੀਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿਧਾਂਤ ਨੂੰ ਸਮਝੀਏ ਅਤੇ ਉਸ ਨੂੰ ਆਪਣੇ ਜੀਵਨ ਵਿਚ ਅਪਣਾਈਏ ਤੇ ਕੰਮ ਕਰਨ ਵਾਲੇ ਦੀ ਕਦਰ ਕਰੀਏ ਤੇ ਉਨ੍ਹਾਂ ਦੇ ਸਾਥੀ ਬਣੀਏ।ਗੁਰੂ ਸਾਹਿਬਾਨ ਨੇ ਸ੍ਰੀ ਅੰਮ੍ਰਿਤਸਰ ਸਾਹਿਬ, ਤਰਨਤਾਰਨ ਸਾਹਿਬ, ਕਰਤਾਰਪੁਰ ਸਾਹਿਬ, ਸ੍ਰੀ ਅਨੰਦਪੁਰ ਸਾਹਿਬ, ਕੀਰਤਪੁਰ ਸਾਹਿਬ ਆਦਿ ਕਈ ਨਗਰ ਵਸਾਏ ਸਨ। ਇਨ੍ਹਾਂ ਵਿਚ ਵੱਖ-ਵੱਖ ਕਿੱਤਿਆਂ ਦੇ ਕਿਰਤੀ ਲੋਕ ਵਿਸ਼ੇਸ਼ ਤੌਰ 'ਤੇ ਬੁਲਾ ਕੇ ਵਸਾਏ ਗਏ ਸਨ। ਇਹ ਲੋਕ ਅੱਜ ਵੀ ਇਨ੍ਹਾਂ ਸ਼ਹਿਰਾਂ ਵਿਚ ਵੱਸਦੇ ਹਨ। ਇਸ ਨਾਲ ਲੋਕਾਂ ਦੀਆਂ ਲੋੜਾਂ ਵੀ ਪੂਰੀਆਂ ਹੁੰਦੀਆਂ ਸਨ ਅਤੇ ਕੰਮ ਕਰਨ ਵਾਲੇ ਕਾਰੀਗਰਾਂ ਨੂੰ ਕੰਮ ਕਰ ਕੇ ਕਮਾਈ ਕਰਨ ਦਾ ਮੌਕਾ ਵੀ ਉਪਲਬਧ ਹੋਇਆ ਸੀ।ਅਜ਼ਾਦ ਭਾਰਤ ਵਿਚ ਰਾਜਨੀਤਕ ਸੱਤਾ 'ਤੇ ਕੁਝ ਪੂੰਜੀਪਤੀ ਕਾਬਜ਼ ਹੋ ਗਏ ਹਨ। ਇੱਥੇ ਸਹੀ ਅਰਥਾਂ ਵਿਚ ਲੋਕ ਰਾਜ ਸਥਾਪਿਤ ਨਹੀਂ ਹੋ ਸਕਿਆ। ਇਸ ਵਿਹਲੜ ਨਿਜ਼ਾਮ ਦਾ ਸਭ ਤੋਂ ਵੱਡਾ ਨੁਕਸ ਇਹ ਹੈ ਕਿ ਇਸ ਦੇ ਸ਼ਾਸਨ ਵਿਚ ਕਿਰਤ ਦੀ ਬਹੁਤ ਬੇਕਦਰੀ ਹੋ ਰਹੀ ਹੈ।

ਪੂੰਜੀਪਤੀ ਲੋਕ ਰਾਜਨੀਤਕ ਨੇਤਾਵਾਂ ਨਾਲ ਗਠਜੋੜ ਕਰ ਕੇ ਕਿਰਤ ਦਾ ਸ਼ੋਸ਼ਣ ਕਰ ਰਹੇ ਹਨ। ਇਸ ਨਾਲ ਦੇਸ਼ ਵਿਚ ਸਾਧਨਾਂ ਦੀ ਕਾਣੀ ਵੰਡ ਹੋ ਰਹੀ ਹੈ। ਅਮੀਰ ਹੋਰ ਅਮੀਰ ਹੋ ਰਹੇ ਹਨ, ਗਰੀਬ ਹੋਰ ਗਰੀਬ ਹੁੰਦੇ ਜਾ ਰਹੇ ਹਨ। ਜਿਹੜੇ ਵਿਅਕਤੀ ਕੰਮ ਕਰਨ ਦੇ ਯੋਗ ਹਨ, ਉਨ੍ਹਾਂ ਨੂੰ ਕੰਮ ਨਹੀਂ ਮਿਲ ਰਿਹਾ। ਬੇਰੁਜ਼ਗਾਰ ਲੋਕਾਂ ਦੀ ਯੋਗਤਾ ਦਾ ਸ਼ੋਸ਼ਣ ਹੋ ਰਿਹਾ ਹੈ। ਉਨ੍ਹਾਂ ਦੀ ਕਿਰਤ ਨੂੰ ਸਸਤੇ ਮੁੱਲ ਖਰੀਦਿਆ ਜਾਂਦਾ ਹੈ। ਅੱਜ ਫਿਰ ਲੋੜ ਹੈ ਕਿ ਦੇਸ਼ ਦੇ ਹਿਤੈਸ਼ੀ, ਬੁੱਧੀਜੀਵੀ, ਚਿੰਤਕ, ਵਿਦਵਾਨ, ਸਾਇੰਸਦਾਨ ਤੇ ਸਮਾਜ ਦੇ ਸਾਰੇ ਕਿਰਤੀ ਵਰਗ ਇਕਮੁਠ ਹੋ ਜਾਣ ਤਾਂ ਜੋ ਗੁਰੂ ਸਾਹਿਬਾਨ ਦੇ ਆਦਰਸ਼ਾਂ ਅਨੁਸਾਰ ਭਾਰਤ ਵਿਚ ਆਰਥਿਕ ਸੁਤੰਤਰਤਾ ਲਿਆਂਦੀ ਜਾਵੇ, ਕਿਰਤ ਅਤੇ ਕਿਰਤੀਆਂ ਦਾ ਸਤਿਕਾਰ ਬਹਾਲ ਕਰ ਕੇ, ਦੇਸ਼ ਨੂੰ ਖੁਸ਼ਹਾਲ ਕਰ ਕੇ ਸਰਬੱਤ ਦਾ ਭਲਾ ਕੀਤਾ ਜਾਵੇ।

# Sardar Hari Singh Nalwa – The Invincible General of the Sikh Empire

Hari Singh Nalwa is one of the greatest warriors in Sikh history, whose tales of bravery still echo across Punjab and Afghanistan. The general who extended the rule of Maharaja Ranjit Singh up to the Khyber Pass was not only a fearless fighter but also a skilled administrator and visionary strategist.



**1. Early Life and Family:**

Hari Singh was born in 1791 in Gujranwala into an Uppal Khatri family. His father was Gurdial Singh, and his mother was Dharam Kaur. He lost his father at a young age.At just seven years old, he demonstrated his bravery by killing a tiger single-handedly while hunting. Because of this feat, he earned the title "Nalwa," meaning one who can slay a ferocious beast.In 1804, at the age of 13, he appeared in the court of Maharaja Ranjit Singh. Impressed by his courage and agility, the Maharaja immediately inducted him into his army.

**2. Military Campaigns and Victories:**

Hari Singh Nalwa significantly expanded the Sikh Empire through his campaigns:

* **Battle of Kasur (1807):** His first major campaign. The Nawab of Kasur posed a constant threat to Lahore. At just 16, Nalwa captured the fort with strategic brilliance and earned the Maharaja's trust.
* **Sialkot and Multan (1818):** After several failed attempts, Multan was finally conquered. Nawab Muzaffar Khan was killed, and southern Punjab became part of the Sikh Empire.
* **Kashmir (1819):** Then under Afghan governor Jabbar Khan, Kashmir was conquered after the Battle of Shopian. Nalwa became its first Sikh governor, introduced coinage, and improved irrigation for farmers.
* **Peshawar and the Khyber Pass:** A key Afghan frontier city, Peshawar was captured after multiple campaigns (1818, 1823, and 1834). In 1836, Nalwa built the Jamrud Fort at the entrance of the Khyber Pass—marking the first time Punjabi rule extended into Afghan territory.

**3. As an Administrator:**

Hari Singh Nalwa was not just a warrior but also an exceptional administrator:

* **Kashmir (1820–1821):** He reformed the taxation system by fixing revenue at one-third of the crop. He also reduced taxes on shawl weavers and improved irrigation.
* **Hazara (1822–1837):** He established peace in the tribal regions, founded the city of Haripur, built canals, promoted trade, and personally ensured justice.
* **Peshawar (1834–1837):** He adopted a policy of religious tolerance, funded mosque repairs from the state treasury, and implemented fair taxation, earning respect even from local Pashtuns.

**4. Battle of Jamrud and Martyrdom:**

In 1837, Dost Mohammad Khan attacked Jamrud with 25,000 troops to retake Peshawar, where only 600 Sikh soldiers were defending the fort.Nalwa, who was in Peshawar at the time, rushed to Jamrud with 10,000 cavalry without waiting for reinforcements. On April 30, 1837, a fierce battle took place. Despite being shot twice, he continued commanding his troops from his bed. He ordered that news of his death be kept secret from the enemy.That night, he attained martyrdom. It is said that the Afghan army, believing Nalwa was still alive, retreated in fear.

**5. Legacy and Memorials:**

His death was a great loss to the Sikh Empire. After him, Sikh influence beyond the Khyber Pass began to decline.

* **Memorials:** His samadhi in Peshawar still exists. Haripur city, Jamrud Fort, and other sites preserve his legacy.
* **Military Tradition:** The 3rd Grenadiers battalion of the Indian Army still uses "Nalwa" as a war cry.
* **Folk Tradition:** Punjabi folk songs celebrate his bravery. In Afghanistan, mothers once used his name to discipline children "Be quiet, or Nalwa will come."Historians such as Sohan Lal Suri believed that had Nalwa lived a few more years, the Sikh Empire might have extended to Kabul. Even British officers admired his military strategy.

**6. Personal Life:**

Hari Singh Nalwa had a strict yet just personality. He married twice and had four sons: Jawahar Singh, Gurdit Singh, Arjan Singh, and Pritam Singh.He was deeply devoted to Gurbani and would pray before every battle.


**Conclusion:**

Although he lived only 46 years, Hari Singh Nalwa's achievements remain legendary. He stood as the guardian of the northwestern frontier, halting centuries of invasions into Punjab. His courage, leadership, and sacrifice continue to inspire generations.

**Gurpreet Singh (Editor, Khalsa Akhbar)**

# ਵਿਰਾਸਤੀ ਬਾਰਾਂਦਰੀ ਦੀਨਾਨਗਰ-ਆਖਰੀ ਨਿਸ਼ਾਨ ਖ਼ਤਮ ਕਰਨ ਦੀ ਸਾਜ਼ਿਸ਼

ਦੀਨਾਨਗਰ ਸਥਿਤ ਸ਼ੇਰ-ਏ-ਪੰਜਾਬ ਮਹਰਾਜਾ ਰਣਜੀਤ ਸਿੰਘ ਦੀ ਇਤਿਹਾਸਕ ਸ਼ਾਹੀ ਬਾਰਾਂਦਰੀ ਦੀ ਬੀਤੇ ਦਿਨੀਂ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਭੰਨ-ਤੋੜ ਕੀਤੀ ਗਈ ਹੈ। ਇਨ੍ਹਾਂ ਸ਼ਰਾਰਤੀ ਅਨਸਰਾਂ ਵੱਲੋਂ ਪਹਿਲਾਂ ਹੀ ਖੰਡਰ ਬਣੀ ਸ਼ਾਹੀ ਬਾਰਾਂਦਰੀ ਦੀ ਛੱਤਾਂ ਨੂੰ ਢਾਹ ਕੇ ਓਥੇ ਲੈਂਟਰ ਪਾ ਕੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਜਦੋਂ ਸਾਡੇ ਵਿਰਾਸਤੀ ਮੰਚ ਬਟਾਲਾ ਦੇ ਅਹੁਦੇਦਾਰਾਂ ਨੂੰ ਇਸ ਗੈਰ ਕਾਨੂੰਨੀ ਕਾਰਵਾਈ ਦਾ ਪਤਾ ਲੱਗਾ ਤਾਂ ਸਾਡੇ ਵੱਲੋਂ ਰੌਲਾ ਪਾਉਣ `ਤੇ ਬਾਰਾਂਦਰੀ ਨੂੰ ਨੁਕਸਾਨ ਪਹੁੰਚਾਉਣ ਵਾਲੇ ਤਾਂ ਭੱਜ ਗਏ ਹਨ ਪਰ ਅਜੇ ਤੱਕ ਉਨ੍ਹਾਂ ਖਿਲਾਫ਼ ਕਾਨੂੰਨੀ ਕਾਰਵਾਈ ਨਹੀਂ ਹੋ ਸਕੀ ਹੈ। ਬਾਰਾਂਦਰੀ ਦੇ ਕੋਲ ਅਜੇ ਵੀ ਰੇਤ ਅਤੇ ਬੱਜ਼ਰੀ ਦੇ ਢੇਰ ਲੱਗੇ ਹਨ ਜੋ ਕਿ ਇਸ ਗੱਲ ਦਾ ਤੌਖਲਾ ਪੈਦਾ ਕਰਦੇ ਹਨ ਕਿ ਦੇਰ-ਸਵੇਰ ਅਜੇ ਵੀ ਕਬਜ਼ੇ ਦੀ ਕੋਸ਼ਿਸ਼ ਹੋ ਸਕਦੀ ਹੈ। ਦੀਨਾਨਗਰ ਸਥਿਤ ਇਹ ਇਤਿਹਾਸਕ ਬਾਰਾਂਦਰੀ ਪੰਜਾਬ ਸਰਕਾਰ ਵੱਲੋਂ ਸੁਰੱਖਿਅਤ ਇਮਾਰਤ ਘੋਸ਼ਿਤ ਕੀਤੀ ਗਈ ਹੈ ਅਤੇ ਕੋਈ ਵੀ ਵਿਅਕਤੀ ਇਸ ਸਮਾਰਕ ਉੱਪਰ ਕਬਜ਼ਾ ਕਰਨਾ ਤਾਂ ਦੂਰ ਦੀ ਗੱਲ ਛੋਟੀ ਜਿਹੀ ਛੇੜਛਾੜ ਵੀ ਨਹੀਂ ਕਰ ਸਕਦਾ। ਇਹ ਬਾਰਾਂਦਰੀ ਮਹਾਰਾਜਾ ਰਣਜੀਤ ਸਿੰਘ ਨੇ ਬਣਵਾਈ ਸੀ ਅਤੇ ਉਹ ਅਕਸਰ ਹੀ ਹਰ ਸਾਲ ਗਰਮੀਆਂ ਦੇ ਮਹੀਨੇ ਦੀਨਾਨਗਰ ਵਿਖੇ ਗੁਜ਼ਾਰਦੇ ਸਨ। ਦੀਨਾਨਗਰ ਵਿਖੇ ਹੀ ਸਰਕਾਰ ਖ਼ਾਲਸਾ ਦੀ ਇੱਕ ਵੱਡੀ ਫ਼ੌਜੀ ਛਾਉਣੀ ਵੀ ਸੀ। ਮਹਾਰਾਜਾ ਰਣਜੀਤ ਸਿੰਘ ਵੱਲੋਂ ਦੀਨਾਨਗਰ ਵਿਖੇ ਕਈ ਇਤਿਹਾਸਕ ਦਰਬਾਰ ਸਜਾਏ ਗਏ, ਇਸੇ ਕਰਕੇ ਇਸਨੂੰ ਸਰਕਾਰ ਖ਼ਾਲਸਾ ਜੀ ਦੀ ਗਰਮੀਆਂ ਦੀ ਰਾਜਧਾਨੀ ਵੀ ਕਿਹਾ ਜਾਂਦਾ ਸੀ। ਦੀਨਾਨਗਰ ਦੀ ਸ਼ਾਹੀ ਬਾਰਾਂਦਰੀ ਵਿਖੇ ਸੰਨ 1838 ਦੇ ਮਈ ਮਹੀਨੇ ਲਾਹੌਰ ਦਰਬਾਰ, ਅੰਗਰੇਜ਼ ਹਕੂਮਤ ਅਤੇ ਅਫ਼ਗਾਨਿਸਤਾਨ ਦੇ ਬਾਦਸ਼ਾਹ ਸ਼ਾਹ ਸੂਜਾ ਦਰਮਿਆਨ ਤ੍ਰੈ-ਪੱਖੀ ਸੰਧੀ ਹੋਈ ਸੀ। ਇਸ ਤੋਂ ਇਲਾਵਾ ਕਸ਼ਮੀਰ ਨੂੰ ਫ਼ਤਹਿ ਕਰਨ ਦੀ ਵਿਓਂਤਬੰਧੀ ਵੀ ਏਥੇ ਹੀ ਘੜੀ ਗਈ ਸੀ। ਇਸ ਬਾਰਾਂਦਰੀ ਦੇ ਚੜ੍ਹਦੇ ਪਾਸੇ ਅਜੇ ਵੀ ਉਹ ਥੜਾ ਮੌਜੂਦ ਹੈ ਜਿਸ ਉੱਪਰ ਆਪਣੇ ਸ਼ਾਹੀ ਤਖ਼ਤ `ਤੇ ਬੈਠ ਕੇ ਮਹਰਾਜਾ ਰਣਜੀਤ ਸਿੰਘ ਆਪਣਾ ਦਰਬਾਰ ਲਗਾਉਂਦੇ ਸਨ। ਅੰਗਰੇਜ਼ ਲਿਖਾਰੀ ਵਿਲੀਅਮ ਜੀ. ਆਸਬਰਨ ਜੋ ਕਿ ਸੰਨ 1938 ਵਿੱਚ ਅੰਗਰੇਜ਼ੀ ਵਫ਼ਦ ਨਾਲ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਦੀਨਾਨਗਰ ਵਿਖੇ ਪਹੁੰਚਿਆ ਸੀ ਉਸ ਨੇ ਆਪਣੀ ਕਿਤਾਬ 'ਮਹਾਰਾਜਾ ਰਣਜੀਤ ਸਿੰਘ ਕੋਰਟ ਐਂਡ ਕੈਂਪਸ' ਵਿੱਚ ਦੀਨਾਨਗਰ ਦੇ ਸ਼ਾਹੀ ਦਰਬਾਰ ਦੀ ਸ਼ਾਨ ਦਾ ਬਾਖ਼ੂਬੀ ਵਰਨਣ ਕੀਤਾ ਹੈ। ਪੰਜਾਬ ਸਰਕਾਰ ਨੇ ਸਾਲ 2010 ਵਿੱਚ ਇਸ ਇਤਿਹਾਸਕ ਬਾਰਾਂਦਰੀ ਨੂੰ ਸੁਰੱਖਿਆ ਇਮਾਰਤ ਦਾ ਦਰਜਾ ਦਿੱਤਾ ਸੀ ਅਤੇ ਸਰਕਾਰ ਵੱਲੋਂ 1.60 ਕਰੋੜ ਰੁਪਏ ਦਾ ਟੈਂਡਰ ਵੀ ਬਾਰਾਂਦਰੀ ਦੀ ਮੁਰੰਮਤ ਲਈ ਲਗਾਇਆ ਗਿਆ ਹੈ, ਪਰ ਕੰਮ ਸ਼ੁਰੂ ਨਹੀਂ ਹੋ ਸਕਿਆ। ਵਿਰਾਸਤੀ ਮੰਚ ਬਟਾਲਾ ਦੇ ਸਮੂਹ ਅਹੁਦੇਦਾਰਾਂ ਨੇ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਕੋਲੋਂ ਮੰਗ ਕੀਤੀ ਹੈ ਕਿ ਪੰਜਾਬ ਸਰਕਾਰ ਦੇ ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲਿਆਂ ਵਿਭਾਗ ਵੱਲੋਂ ਸੁਰੱਖਿਅਤ ਘੋਸ਼ਿਤ ਕੀਤੀ ਗਈ ਇਸ ਇਮਾਰਤ ਦੀ ਭੰਨ-ਤੋੜ ਕਰਨ ਵਾਲੇ ਵਿਅਕਤੀਆਂ ਖਿਲਾਫ ਸਖ਼ਤ ਐਕਸ਼ਨ ਲਿਆ ਜਾਵੇ ਅਤੇ ਇਸ ਇਮਾਰਤ ਨੂੰ ਹੋਰ ਨੁਕਸਾਨ ਪਹੁੰਚਾਉਣ ਤੋਂ ਤੁਰੰਤ ਰੋਕਿਆ ਜਾਵੇ। ਸੂਬਾ ਪੰਜਾਬ ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਇਹ ਇਤਿਹਾਸਕ ਤੇ ਵਿਰਾਸਤੀ ਇਮਾਰਤ ਇਤਿਹਾਸ ਦਾ ਉਹ ਸੁਨਿਹਰੀ ਪੰਨਾ ਹੈ ਜਿਸ ਉੱਪਰ ਹਰ ਪੰਜਾਬੀ ਨੂੰ ਮਾਣ ਹੈ।



(ਲੇਖਕ ਦੇ ਸੋਸ਼ਲ ਮੀਡੀਆ ਅਕਾਊਂਟ ਤੋਂ ਧੰਨਵਾਦ ਸਹਿਤ)

**ਇੰਦਰਜੀਤ ਸਿੰਘ ਹਰਪੁਰਾ,ਬਟਾਲਾ**

# ਸਿੱਖ ਧਰਮ ਦੇ ਵਿਕਾਸ ਵਿਚ ਸ੍ਰੀ ਗੁਰੂ ਅਮਰਦਾਸ ਜੀ ਯੋਗਦਾਨ

ਸ੍ਰੀ ਗੁਰੂ ਅਮਰਦਾਸ ਜੀ ਦਾ ਸਮਾਂ ਸਿੱਖ ਧਰਮ ਦੇ ਇਤਿਹਾਸ ਵਿਚ ਇਕ ਮੀਲ ਪੱਥਰ ਹੈ। ਸ੍ਰੀ ਗੁਰੂ ਅਮਰਦਾਸ ਜੀ ਦਾ ਗੁਰਿਆਈ ਸਮਾਂ (੧੫੫੨-੧੫੭੪ ਈ: ਤਕ) ਸਿੱਖ ਧਰਮ ਦੀ ਪ੍ਰਗਤੀ ਤੇ ਪਾਸਾਰ ਦਾ ਸਮਾਂ ਰਿਹਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮ ਦੀ ਬੁਨਿਆਦ ਰੱਖੀ ਅਤੇ ਫਿਰ ਉਸ ਨੂੰ ਅੱਗੇ ਤੋਰਨ ਲਈ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਜੋ ਕਾਰਜ ਅਰੰਭੇ, ਉਨ੍ਹਾਂ ਨੂੰ ਸ੍ਰੀ ਗੁਰੂ ਅਮਰਦਾਸ ਜੀ ਨੇ ਨੇਪਰੇ ਚਾੜ੍ਹਿਆ। ਸ੍ਰੀ ਗੁਰੂ ਅਮਰਦਾਸ ਜੀ ਦੀ ਸਿੱਖ ਧਰਮ ਨੂੰ ਦੇਣ ਦੇ ਸਬੰਧ ਵਿਚ ਡਾ. ਇੰਦੂ ਭੂਸ਼ਣ ਬੈਨਰਜੀ ਲਿਖਦੇ ਹਨ, "ਸ੍ਰੀ ਗੁਰੂ ਅਮਰਦਾਸ ਜੀ ਦੇ ਅਧੀਨ ਸਿੱਖ ਧਰਮ ਨੇ ਆਪਣੀ ਇਕ ਵੱਖਰੀ ਹੋਂਦ ਵਿਕਸਿਤ ਕੀਤੀ। ਸਿੱਖ ਧਰਮ ਨੂੰ ਇਕ ਅਲੱਗ ਸੰਸਥਾ ਦਾ ਸਰੂਪ ਪ੍ਰਾਪਤ ਹੋ ਗਿਆ ਅਤੇ ਉਸ ਵਿਚ ਪੁਰਾਣੇ ਰੀਤੀ ਰਿਵਾਜ ਅਤੇ ਰਸਮਾਂ ਦੀ ਥਾਂ ਨਵੇਂ ਰੀਤੀ ਰਿਵਾਜ ਸ਼ੁਰੂ ਕੀਤੇ ਗਏ।" ਜਦੋਂ ਸ੍ਰੀ ਗੁਰੂ ਅਮਰਦਾਸ ਜੀ ਗੁਰਗੱਦੀ ਉੱਤੇ ਬੈਠੇ ਤਾਂ ਉਨ੍ਹਾਂ ਦੇ ਸਾਹਮਣੇ ਸਭ ਤੋਂ ਵੱਡੀ ਸਮੱਸਿਆ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਲਾਈ ਸਿੱਖ ਲਹਿਰ ਨੂੰ ਸਥਿਰ ਰੱਖਣ ਤੇ ਅੱਗੇ ਵਧਾਉਣ ਦੀ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੇਸ-ਪ੍ਰਦੇਸ ਵਿਚ ਜਾ ਕੇ ਲੋਕਾਂ ਨੂੰ ਹਲੂਣਿਆ ਅਤੇ ਜਾਗ੍ਰਿਤ ਕੀਤਾ। ਉਨ੍ਹਾਂ ਨੂੰ ਆਪਣੇ ਸਮੇਂ ਦੇ ਧਾਰਮਿਕ, ਸਮਾਜਿਕ ਤੇ ਰਾਜਸੀ ਦੰਭੀਆਂ ਅਤੇ ਜਾਬਰਾਂ ਵਿਰੁੱਧ ਬਲਵਾਨ ਅਵਾਜ਼ ਬੁਲੰਦ ਕਰਨੀ ਪਈ ਸੀ। ਇਕ ਪਾਸੇ ਉਨ੍ਹਾਂ ਨੇ ਲੋਕਾਂ ਨੂੰ ਅਜਿਹੇ ਦੰਭੀਆਂ ਆਦਿਕ ਤੋਂ ਸੁਚੇਤ ਕੀਤਾ ਤੇ ਦੂਜੇ ਪਾਸੇ ਨਵੇਂ ਜੀਵਨ ਦੀ ਸਿਖਲਾਈ ਦਿੱਤੀ। ਪੁਰਾਣੇ ਨੂੰ ਢਾਹੁਣਾ ਅਤੇ ਨਵੇਂ ਨੂੰ ਉਸਾਰਨਾ ਹਰ ਕ੍ਰਾਂਤੀਕਾਰੀ ਦਾ ਦੋਹਰਾ ਕਰਤੱਵ ਹੁੰਦਾ ਹੈ। ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਕਾਰਜ ਖੇਤਰ ਬਹੁਤ ਵਿਸ਼ਾਲ ਸੀ। ਉਨ੍ਹਾਂ ਨੇ ਥਾਂ-ਥਾਂ ਨਵੇਂ ਜੀਵਨ ਦੇ ਬੀਜ ਖਿਲਾਰੇ ਅਤੇ ਉਨ੍ਹਾਂ ਨੂੰ ਪੁੰਗਰਨ ਲਈ ਹਰ ਥਾਂ ਆਪਣੇ ਪ੍ਰਤੀਨਿਧਾਂ ਨੂੰ ਸਾਥੀਆਂ ਦੀ ਅਗਵਾਈ ਕਰਨ ਲਈ ਸਥਾਪਿਤ ਕੀਤਾ।ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੀ ਪੂਰੀ ਸਮਰੱਥਾ ਨਾਲ ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਬਿੰਬ ਕਾਇਮ ਰੱਖਿਆ। ਪਰ ਉਨ੍ਹਾਂ ਦੇ ਸਮੇਂ ਤਕ ਪੰਜਾਬ ਦੇ ਲੋਕਾਂ ਦੀ ਜਾਣ-ਪਛਾਣ ਸਿੱਖ ਲਹਿਰ ਨਾਲ ਅੱਗੇ ਨਾਲੋਂ ਕਾਫੀ ਡੂੰਘੀ ਹੋ ਚੁੱਕੀ ਸੀ। ਸ੍ਰੀ ਗੁਰੂ ਅਮਰਦਾਸ ਜੀ ਦੇ ਸਮੇਂ ਤਕ ਉਨ੍ਹਾਂ ਦੇ ਛੋਟੇ-ਛੋਟੇ ਸਮੂਹ ਹੋਂਦ ਵਿਚ ਆ ਚੁੱਕੇ ਸਨ। ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਲਹਿਰ ਦੇ ਨਵੇਂ ਬਣ ਰਹੇ ਸਮੂਹਿਕ ਰੂਪ ਨੂੰ ਸਹੀ ਸੇਧ ਵਿਚ ਰੱਖਣਾ ਸੀ।ਸ੍ਰੀ ਗੁਰੂ ਅਮਰਦਾਸ ਜੀ ਦੇ ਗੁਰੂ ਕਾਲ ਵਿਚ ਸਿੱਖ ਧਰਮ ਦਾ ਸੰਸਥਾਈ ਰੂਪ ਤੇ ਅਕਾਰ ਨਿਖਰਣ ਲੱਗ ਪਿਆ। ਸਮਾਜ ਵਿਚ ਨਵੇਂ ਨਿਯਮਾਂ ਤੇ ਸੰਸਥਾਵਾਂ ਨੂੰ ਪ੍ਰਚਲਿਤ ਕਰ ਸਕਣਾ ਸੂਝਵਾਨ ਆਗੂ ਦਾ ਕਰਤੱਵ ਹੁੰਦਾ ਹੈ। ਸ੍ਰੀ ਗੁਰੂ ਅਮਰਦਾਸ ਜੀ ਨੇ ੧੫੫੨ ਈ: ਤੋਂ ੧੫੭੪ ਈ: ਤਕ ਨਿਰੰਤਰ ੨੨ ਸਾਲ ਗੁਰੂ ਕਰਤੱਵ ਨਿਭਾਇਆ ਹੈ। ਗੁਰੂ-ਕਰਤੱਵ ਵਿੱਚੋਂ ਸਿੱਖ ਸੰਗਤ ਦੀ ਜੱਥੇਬੰਦੀ, ਬਾਉਲੀ ਸਾਹਿਬ ਦੀ ਸਿਰਜਨਾ, ਵਰਨ ਭੇਦ ਦਾ ਖਾਤਮਾ, ਸਤੀ ਦੀ ਰਸਮ ਨੂੰ ਬੰਦ ਕਰਨਾ, ਪ੍ਰਚਾਰ ਹਿਤ ਬਾਈ ਮੰਜੀਆਂ ਦੀ ਸਥਾਪਨਾ, ਅਕਾਲੀ ਬਾਣੀ ਦਾ ਪ੍ਰਕਾਸ਼, ਸ੍ਰੀ ਅੰਮ੍ਰਿਤਸਰ ਸ਼ਹਿਰ ਦੀ ਕਲਪਨਾ ਆਦਿ ਅਜਿਹੇ ਕਰਤੱਵ ਸਨ ਜਿਨ੍ਹਾਂ ਤੋਂ ਪਤਾ ਚਲਦਾ ਹੈ ਕਿ ਗੁਰੂ ਸਾਹਿਬ ਦਾ ਅਨੁਭਵ ਵਿਸ਼ਾਲ, ਸਾਰਥਕ ਤੇ ਸਿਰਜਨਾਤਮਿਕ ਸੀ। ਜੀ. ਐਸ. (ਛਾਬੜਾ) ਅਨੁਸਾਰ, "ਸ੍ਰੀ ਗੁਰੂ ਅਮਰਦਾਸ ਜੀ ਦੇ ਸਮੇਂ ਸਿੱਖੀ ਦਾ ਘੇਰਾ ਦਿਨ-ਬ-ਦਿਨ ਵਿਸ਼ਾਲ ਹੁੰਦਾ ਜਾ ਰਿਹਾ ਸੀ। ਇਸ ਆਸ਼ੇ ਨੂੰ ਮੁੱਖ ਰੱਖ ਕੇ ਸ੍ਰੀ ਗੁਰੂ ਅਮਰਦਾਸ ਜੀ ਨੇ ਸਾਰੇ ਸਿੱਖ ਜਗਤ ਨੂੰ ੨੨ ਹਿੱਸਿਆ ਵਿਚ ਵੰਡਿਆ ਤੇ ਇਨ੍ਹਾਂ ਥਾਵਾਂ ਉੱਤੇ ਸਿੱਖੀ ਦਾ ਪ੍ਰਚਾਰ ਕਰਨ ਵਾਸਤੇ ਯੋਗ ਤੇ ਮੁਖੀ ਸਿੱਖਾਂ ਨੂੰ ਨਿਯਤ ਕੀਤਾ ਜਾਂਦਾ ਸੀ। ਜਿਸ ਗੁਰਸਿੱਖ ਨੂੰ ਸਤਿਗੁਰੂ ਵੱਲੋਂ ਪ੍ਰਚਾਰਕ ਨਿਯੁਕਤ ਕੀਤਾ ਜਾਂਦਾ, ਆਖਿਆ ਜਾਂਦਾ ਸੀ ਕਿ ਉਸ ਨੂੰ 'ਮੰਜੀ' ਦੀ ਬਖ਼ਸ਼ਿਸ਼ ਹੋਈ ਹੈ। ਕਿਉਂਕਿ ਸਿੱਖੀ ਦਾ ਪ੍ਰਚਾਰ ਕਰਨ ਵਾਲੇ ਆਮ ਤੌਰ 'ਤੇ ਸੰਗਤਾਂ ਨੂੰ ਮੰਜੀ 'ਤੇ ਬੈਠ ਕੇ ਹੀ ਉਪਦੇਸ਼ ਦਿੰਦੇ ਸਨ ਇਸ ਲਈ ਗੁਰੂ ਸਾਹਿਬ ਦੇ ਸਮੇਂ ਤੋਂ ਹੀ 'ਮੰਜੀ' ਦਾ ਸ਼ਬਦ ਪ੍ਰਚਾਰਕਾਂ ਲਈ ਵਰਤਿਆ ਜਾਣ ਲੱਗਾ। "ਭਾਈ ਗੁਰਦਾਸ ਜੀ ਨੇ ਵੀ ਆਪਣੀਆਂ ਵਾਰਾਂ ਵਿਚ 'ਮੰਜੀ' ਸ਼ਬਦ ਦੀ ਵਰਤੋਂ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੰਦਰਭ ਵਿਚ ਕੀਤੀ ਹੈ।ਫਿਰਿ ਬਾਬਾ ਆਇਆ ਕਰਤਾਰਪੁਰਿ। ਭੇਖ ਉਦਾਸੀ ਸਗਲ ਉਤਾਰਾ। ਪਹਿਰ ਸੰਸਾਰੀ ਕਪੜੇ ਮੰਜੀ ਬੈਠਿ ਕੀਆ ਅਵਤਾਰਾ।(ਵਾਰ ੧:੩੮)ਮੰਜੀ ਸਥਾਪਨਾ ਦਾ ਸਭ ਤੋਂ ਵੱਡਾ ਉਦੇਸ਼ ਆਪੋ ਆਪਣੇ ਇਲਾਕਿਆਂ ਵਿਚ ਨਿਯੁਕਤ ਕੀਤੇ ਪ੍ਰਚਾਰਕਾਂ ਦੁਆਰਾ ਗੁਰੂ ਸਾਹਿਬ ਦੇ ਉਪਦੇਸ਼ਾਂ ਦਾ ਪ੍ਰਚਾਰ ਕਰਨਾ ਹੁੰਦਾ ਸੀ। ਧਰਮਸ਼ਾਲਾ ਦੀ ਸਥਾਪਤੀ ਕੀਰਤਨ, ਕਥਾ ਤੇ ਲੰਗਰ ਦੀ ਮਰਯਾਦਾ ਨੂੰ ਕਾਇਮ ਕਰਨਾ ਅਤੇ ਗੁਰੂ ਸਾਹਿਬ ਦੇ ਨਾਮ 'ਤੇ ਆਈ ਚੜ੍ਹਤ ਨੂੰ ਦੀਵਾਲੀ, ਵੈਸਾਖੀ ਜਾਂ ਕੋਈ ਹੋਰ ਅਵਸਰ 'ਤੇ ਗੁਰੂ ਘਰ ਪਹੁੰਚਾਉਣਾ, ਉਨ੍ਹਾਂ ਦੀਆਂ ਜਿੰਮੇਵਾਰੀਆਂ ਦੇ ਪ੍ਰਮੁੱਖ ਅੰਗ ਹੋਇਆ ਕਰਦੇ ਸਨ। ਉਹ ਇਲਾਕੇ ਦੀਆਂ ਸੰਗਤਾਂ ਤੇ ਗੁਰੂ ਸਾਹਿਬ ਦੇ ਵਿਚਕਾਰ ਇਕ ਅਜਿਹੀ ਕੜੀ ਸੀ, ਜਿਸ ਰਾਹੀਂ ਗੁਰੂ ਸਾਹਿਬਾਨ ਦੁਆਰਾ ਜਾਰੀਕੀਤੇ ਗਏ ਆਦੇਸ਼ ਤੇ ਹੁਕਮਨਾਮੇ ਦੂਰ-ਦੂਰ ਸਿੱਖਾਂ ਤਕ ਪਹੁੰਚਾਏ ਜਾਂਦੇ ਸਨ । ਸਿੱਖ ਲਹਿਰ ਨੂੰ ਕਰਮਕਾਂਡ ਦੀਆਂ ਪੇਚੀਦਗੀਆਂ ਤੋਂ ਅਲੱਗ ਕਰਨ ਦੀ ਸਥਾਪਤੀ ਇਕ ਮੀਲ ਪੱਥਰ ਦੀ ਤਰ੍ਹਾਂ ਸਾਬਤ ਹੋਈ। ਸ੍ਰੀ ਨਿਰੰਜਨ ਰੇਅ ਦੇ ਸ਼ਬਦਾਂ ਵਿਚ "ਦੂਰ-ਦੁਰ ਤਕ ਫੈਲ ਚੁੱਕੀ ਸਿੱਖੀ ਨੂੰ ਕੇਂਦਰ ਨਾਲ ਜੋੜ ਕੇ ਜਥੇਬੰਦ ਕਰਨ ਵੱਲ ਚੁੱਕਿਆ ਇਹ ਕਦਮ ਸਿੱਖ ਰਾਜਨੀਤਿਕ ਸ਼ਕਤੀ ਦਾ ਮੁੱਢ ਕਿਹਾ ਜਾ ਸਕਦਾ ਹੈ।" ਬਾਈ ਮੰਜੀਆਂ ਦੀ ਸਥਾਪਤੀ ਨੇ ਜਿੱਥੇ ਸਿੱਖਾਂ ਦੇ ਪ੍ਰਚਾਰ ਵਿਚ ਵਾਧਾ ਕਰ ਕੇ ਜਥੇਬੰਦੀ ਨੂੰ ਮਜ਼ਬੂਤ ਕੀਤਾ। ਉੱਥੇ ਨਾਲ ਹੀ ਨਾਲ ਸਾਰੀ ਸਿੱਖ ਸੰਗਤ ਨੂੰ ਇਕ ਵੱਖਰੀ ਜਿਹੀ ਮਰਯਾਦਾ ਕਾਇਮ ਕਰ ਕੇ ਸਿੱਖ ਸੰਗਤ ਨੂੰ ਇਕ ਵੱਖਰੀ ਤੇ ਸੁਤੰਤਰ ਹੋਂਦ ਲਈ ਤਿਆਰ ਕਰਨਾ ਸ਼ੁਰੂ ਕਰ ਦਿੱਤਾ । ਸਮਾਂ ਪਾ ਕੇ ਇਹ ਸੁਤੰਤਰ ਹੋਂਦ ਹੀ ਖਾਲਸਾ ਪੰਥ ਦੇ ਰੂਪ ਵਿਚ ਪ੍ਰਗਟ ਹੋਈ। ਜਿੱਥੇ ਪਹਿਲਾਂ ਸਿੱਖ ਧਰਮ ਦਾ ਪ੍ਰਚਾਰ ਬਿੰਦੂ ਕੇਵਲ ਗੁਰੂ ਸਾਹਿਬ ਦਾ ਨਿਵਾਸ ਅਸਥਾਨ ਹੀ ਹੋਇਆ ਕਰਦਾ ਸੀ, ਹੁਣ ਉਸ ਦਾ ਪ੍ਰਸਾਰ ਦੇਸ਼ ਦੇ ਕੋਨੇ-ਕੋਨੇ ਤਕ ਫੈਲ ਗਿਆ। ਸਥਾਨਕ ਪ੍ਰਚਾਰ ਕੇਂਦਰਾਂ (ਮੰਜੀਆਂ) ਦੀ ਸਥਾਪਤੀ ਨੇ ਸਿੱਖੀ ਆਸ਼ੇ ਨੂੰ ਦੂਰ-ਦੂਰ ਤਕ ਫੈਲਾਉਣ ਵਿਚ ਵੱਡਾ ਰੋਲ ਅਦਾ ਕੀਤਾ। ਡਾ. ਗੋਕਲ ਚੰਦ ਨਾਰੰਗ ਲਿਖਦੇ ਹਨ, "ਇਨ੍ਹਾਂ ਮੰਜੀਆਂ ਦੀ ਸਥਾਪਤੀ ਨੇ ਸਾਰੇ ਦੇਸ਼ ਵਿਚ ਸਿੱਖੀ ਮਹੱਲ ਦੀਆਂ ਨੀਹਾਂ ਨੂੰ ਬਹੁਤ ਮਜ਼ਬੂਤ ਕਰ ਦਿੱਤਾ। ਜਿਸ ਨੇ ਆਉਣ ਵਾਲੀਆਂ ਸਦੀਆਂ ਵਿਚ ਸਮੁੱਚੇ ਦੇਸ਼ ਦੀ ਰਾਜਨੀਤੀ ਵਿਚ ਇਕ ਅਹਿਮ ਰੋਲ ਅਦਾ ਕਰਨਾ ਸੀ।" ਗੁਰੂ ਸਾਹਿਬ ਦੇ ਉਪਦੇਸ਼ਾਂ ਦਾ ਪ੍ਰਚਾਰ ਹੋਰ ਵੀ ਪ੍ਰਭਾਵਸ਼ਾਲੀ ਹੋ ਗਿਆ। ਇਸ ਨਾਲ ਸਥਾਨਕ ਸੰਗਤਾਂ ਦੀਆਂ ਧਾਰਮਿਕ ਲੋੜਾਂ ਪੂਰੀਆਂ ਹੋਣ ਲੱਗੀਆਂ।ਸ੍ਰੀ ਗੁਰੂ ਅਮਰਦਾਸ ਜੀ ਨੇ ੨੨ ਮੰਜੀਆਂ ਨੂੰ ਵੱਖ-ਵੱਖ ਥਾਵਾਂ ਤੇ ਸਥਾਪਿਤ ਕੀਤਾ ਕਿਉਂਕਿ ਸੰਗਤਾਂ ਲਈ ਆਪ ਵੱਖ-ਵੱਖ ਥਾਵਾਂ ਤੋਂ ਗੁਰੂ ਜੀ ਨਾਲ ਸਿੱਧਾ ਸੰਪਰਕ ਰੱਖਣਾ ਮੁਸ਼ਕਲ ਸੀ। ਤੀਜੇ ਗੁਰੂ ਸਾਹਿਬ ਜੀ ਦੇ ਇਸ ਕਾਰਜ ਨੇ ਸਿੱਖ ਸੰਪਰਦਾ ਦੀਆਂ ਜੜ੍ਹਾਂ ਮਜ਼ਬੂਤ ਕਰਨ ਵਿਚ ਬਹੁਤ ਵੱਡਾ ਹਿੱਸਾ ਪਾਇਆ।ਸਿੱਖ ਧਰਮ ਦੇ ਵਿਕਾਸ ਵਿਚ ਸ੍ਰੀ ਗੁਰੂ ਅਮਰਦਾਸ ਜੀ ਦਾ ਇਕ ਹੋਰ ਅਹਿਮ ਯੋਗਦਾਨ 'ਗੋਇੰਦਵਾਲ' ਨਗਰ ਦੀ ਸਥਾਪਨਾ ਕਰਨਾ ਸੀ । ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਆਗਿਆ ਲੈ ਕੇ 'ਗੋਇੰਦਵਾਲ' ਨਗਰ ਦੀ ਸਥਾਪਨਾ ਕੀਤੀ ਕਿਉਂਕਿ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪਣੀ ਦੂਰ-ਦ੍ਰਿਸ਼ਟੀ ਨਾਲ ਇਹ ਅਨੁਭਵ ਕਰ ਲਿਆ ਸੀ ਕਿ ਕਿਸੇ ਵੇਲੇ ਇਹ ਸਥਾਨ ਸਿੱਖੀ ਪ੍ਰਚਾਰ ਦਾ ਵੱਡਾ ਕੇਂਦਰ ਬਣ ਸਕਦਾ ਹੈ। ਇਸ ਲਈ ਆਪ ਨੇ ਨਵਾਂ ਨਗਰ ਵਸਾਉਣ ਦੀ ਜਿੰਮੇਵਾਰੀ ਆਪਣੇ ਪਰਮ ਸੇਵਕ (ਸ੍ਰੀ ਗੁਰੂ) ਅਮਰਦਾਸ ਜੀ ਨੂੰ ਸੌਂਪ ਦਿੱਤੀ । ਸ੍ਰੀ ਗੁਰੂ ਅਮਰਦਾਸ ਜੀ ਨੇ ਜਿੱਥੇ ਅਧਿਆਤਮਿਕ ਤੇ ਵਪਾਰਕ ਦ੍ਰਿਸ਼ਟੀ ਤੋਂ ਗੋਇੰਦਵਾਲ ਸਾਹਿਬ ਦੀ ਸਿਰਜਨਾ ਕਰਨੀ ਸ਼ੁਰੂ ਕਰ ਦਿੱਤੀ, ਉੱਥੇ ਨਾਲ ਹੀ ਨਾਲ ਉਨ੍ਹਾਂ ਦੀਆਂ ਸਮਾਜਿਕ ਤੇ ਆਰਥਿਕਲੋੜਾਂ ਪੂਰੀਆਂ ਕਰਨ ਵੱਲ ਵੀ ਪੂਰਨ ਤੌਰ ਤੇ ਚੇਤੰਨ ਸਨ । ਸ੍ਰੀ ਗੁਰੂ ਅਮਰਦਾਸ ਜੀ ਨੇ ਕਈ ਸਾਲ ਦਰਿਆ ਬਿਆਸ ਦੇ ਕਿਨਾਰੇ ਗੋਇੰਦਵਾਲ ਸਾਹਿਬ ਬਤੀਤ ਕੀਤੇ ਅਤੇ ਇਸ ਸਮੇਂ ਦੌਰਾਨ ਹੀ ਉਨ੍ਹਾਂ ਨੇ ਪੰਗਤ ਤੇ ਸੰਗਤ ਦੀ ਪਰੰਪਰਾ ਨੂੰ ਮਜ਼ਬੂਤ ਕੀਤਾ। ਉੱਥੇ ਹੀ ਗੁਰੂ ਸਾਹਿਬ ਨੇ ਭਾਈ ਜੇਠਾ ਜੀ ਦੀ ਆਚਰਣ ਉਸਾਰੀ ਕੀਤੀ, ਉਨ੍ਹਾਂ ਨੂੰ ਗੁਰਗੱਦੀ ਬਖ਼ਸ਼ੀ ਤੇ "ਦੋਹਿਤਾ-ਬਾਣੀ ਦਾ ਬੋਹਿਥਾ" ਦੀ ਅਸੀਸ ਬਾਲਕ (ਗੁਰੂ) ਅਰਜਨ ਦੇਵ ਨੂੰ ਦਿੱਤੀ। ਇਸੇ ਅਸਥਾਨ 'ਤੇ ਸਿੱਖ ਕੌਮ ਦੇ ਮਹਾਨ ਵਿਦਵਾਨ ਭਾਈ ਗੁਰਦਾਸ ਜੀ ਦੀ ਪ੍ਰਤਿਭਾ ਦੀ ਉਸਾਰੀ ਹੋਈ। ਗੋਇੰਦਵਾਲ ਸਾਹਿਬ ਸਿੱਖ ਸਭਿਆਚਾਰ ਦਾ ਕੇਂਦਰ ਬਣਿਆ।ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੇ ਗੁਰੂ ਕਾਲ ਵਿਚ ਇੱਥੇ ਇਕ ਬਾਉਲੀ ਦਾ ਨਿਰਮਾਣ ਕਰਵਾਇਆ। ਬਾਉਲੀ ਸਾਹਿਬ ਦੀ ਰਚਨਾ ਨੇ ਸਿੱਖ ਧਰਮ ਵਿਚ ਇਕ ਬੜਾ ਵੱਡਾ ਪਰਿਵਰਤਨ ਲਿਆਂਦਾ। ਸਿੱਖ ਵੈਸਾਖੀ, ਦੀਵਾਲੀ ਅਤੇ ਹੋਰ ਦਿਨਾਂ ਉੱਤੇ ਗੋਇੰਦਵਾਲ ਸਾਹਿਬ ਆ ਕੇ ਇਕੱਤਰ ਹੋਣੇ ਸ਼ੁਰੂ ਹੋ ਗਏ। ਇਸ ਤਰ੍ਹਾਂ ਦੀਆਂ ਇਕੱਤਰਤਾਵਾਂ ਨੇ ਸਿੱਖਾਂ ਵਿਚ ਸੰਗਠਨ ਤੇ ਏਕਤਾ ਦੀ ਭਾਵਨਾ ਨੂੰ ਜਨਮ ਦਿੱਤਾ ਅਤੇ ਉਨ੍ਹਾਂ ਨੂੰ ਇੱਕ ਕੇਂਦਰ ਨਾਲ ਜੋੜ ਕੇ ਜਥੇਬੰਦੀ ਵਿਚ ਇਕਸੁਰਤਾ ਪੈਦਾ ਕੀਤੀ । ਇਸ ਬਾਉਲੀ ਸਾਹਿਬ ਦੀ ਸਿਰਜਨਾ ਨੇ ਜਾਤ-ਪਾਤ ਦੇ ਅਖੌਤੀ ਬੰਧਨਾਂ ਨੂੰ ਵੀ ਕਰਾਰੀ ਚੋਟ ਮਾਰੀ। ਸਮਾਜ ਵਿਚ ਪਏ ਵਿਤਕਰਿਆਂ ਨੂੰ ਮੇਟਿਆ ਅਤੇ 'ਏਕੁ ਪਿਤਾ ਏਕਸ ਕੇ ਹਮ ਬਾਰਿਕ' ਦੀ ਭਾਵਨਾ ਨੂੰ ਮਜ਼ਬੂਤ ਕੀਤਾ। ਜਿਵੇਂ ਗੁਰੂ ਕੇ ਲੰਗਰ ਵਿਚ ਹਰ ਜਾਤ ਤੇ ਹਰ ਧਰਮ ਦਾ ਵਿਅਕਤੀ ਇੱਕੋ ਹੀ ਪੰਗਤ ਵਿਚ ਬੈਠ ਕੇ ਪ੍ਰਸ਼ਾਦਾ ਛਕਦਾ ਹੈ, ਇਸੇ ਤਰ੍ਹਾਂ ਬਾਉਲੀ ਵਿਚ ਹਰ ਜਾਤ ਦਾ ਵਿਅਕਤੀ ਇਸ਼ਨਾਨ ਕਰ ਕੇ ਜਾਤ ਪਾਤ ਦੇ ਬੰਧਨਾਂ ਤੋਂ ਛੁਟਕਾਰਾ ਪਾਉਣ ਲੱਗਾ। ਬਾਉਲੀ ਸਾਹਿਬ ਦਾ ਨਿਰਮਾਣ ਸਿੱਖ ਧਰਮ ਦੇ ਇਤਿਹਾਸ ਵਿਚ ਇਕ ਬੜਾ ਮਹੱਤਵਪੂਰਨ ਕਾਰਜ ਸਿੱਧ ਹੋਇਆ। ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੇ ਪ੍ਰਚਾਰ ਦੌਰਿਆਂ ਦੌਰਾਨ ਲੋਕਾਂ ਨੂੰ ਸ਼ਬਦ ਨਾਲ ਜੋੜਿਆ।ਇਨ੍ਹਾਂ ਪ੍ਰਚਾਰ ਦੌਰਿਆਂ ਦਾ ਅਸਰ ਇਹ ਹੋਇਆ ਕਿ ਸਿੱਖ ਜਥੇਬੰਦੀ ਦੀਆਂ ਨੀਹਾਂ ਇਤਨੀਆਂ ਮਜ਼ਬੂਤ ਹੋ ਗਈਆਂ ਕਿ ਆਉਣ ਵਾਲੀ ਸਦੀ ਵਿਚ ਦੂਜੇ ਗੁਰੂ ਸਾਹਿਬਾਨ ਨੇ ਇਸ ਉੱਪਰ ਸਿੱਖੀ ਦਾ ਖੂਬਸੂਰਤ ਮਹੱਲ ਖੜਾ ਕਰ ਦਿੱਤਾ।ਸ੍ਰੀ ਗੁਰੂ ਅਮਰਦਾਸ ਜੀ ਦੇ ਸਮੇਂ ਸਿੱਖੀ ਦਾ ਫੈਲਾਉ ਵੀ ਹੋਇਆ ਤੇ ਜਥੇਬੰਦਕ ਤੌਰ 'ਤੇ ਮਜ਼ਬੂਤ ਵੀ। ਸ੍ਰੀ ਗੁਰੂ ਅਮਰਦਾਸ ਜੀ ਦੀ ਮਾਨਤਾ ਦਿਨੋਂ-ਦਿਨ ਵੱਧਦੀ ਗਈ। ਸੱਯਦ ਮੁਹੰਮਦ ਲਤੀਫ ਲਿਖਦਾ ਹੈ, "ਗੁਰੂ ਅਮਰਦਾਸ ਜੀ ਸਫਲ ਗੁਰੂ ਸਨ। ਉਨ੍ਹਾਂ ਦੇ ਉਤਸ਼ਾਹ ਤੇ ਮਿਲਾਪੜੇ ਸੁਭਾ ਕਰਕੇ ਬਹੁਤ ਸਾਰੇ ਲੋਕ ਆਪ ਦੇ ਧਰਮ ਵਿਚ ਆਏ। " ਸ੍ਰੀ ਗੁਰੂ ਅਮਰਦਾਸ ਜੀ ਨੇ ਜੀਵ ਨੂੰ ਸਤਿਗੁਰੂ ਦਾ ਉਪਦੇਸ਼ ਸੁਣਨ ਅਤੇ 'ਸਦਾ ਸਚੁ ਸਮਾਲੇ' ਭਾਵ ਸੱਚੇ ਨਾਮ ਦੀ ਅਰਾਧਨਾ ਕਰਨ ਦਾ ਉਪਦੇਸ਼ ਦਿੱਤਾਹੈ। ਮਨ ਦੇ ਨਾਲ ਹੀ ਗੁਰੂ ਸਾਹਿਬ ਨੇ ਤਨ ਦੀ ਮਹਾਨਤਾ ਨੂੰ ਵੀ ਬਿਆਨ ਕੀਤਾ ਹੈ। ਗੁਰੂ ਸਾਹਿਬ ਸਰੀਰ ਦਾ ਆਧਾਰ ਹਰਿ ਜੋਤਿ ਨੂੰ ਦੱਸਦੇ ਹਨ:ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ ਤਾ ਤੂ ਜਗ ਮਹਿ ਆਇਆ॥(ਅੰਗ ੯੨੧)ਗੋਇੰਦਵਾਲ ਸਾਹਿਬ ਸਿੱਖ ਧਰਮ ਦੇ ਪ੍ਰਚਾਰ ਦਾ ਪ੍ਰਸਿੱਧ ਕੇਂਦਰ ਬਣ ਜਾਣ ਪਿੱਛੋਂ ਦੁਰਦਰਸ਼ੀ ਗੁਰੂ ਸਾਹਿਬ ਨੇ ਮਾਝੇ ਦੇ ਇਲਾਕੇ ਵਿਚ ਇੱਕ ਹੋਰ ਧਾਰਮਿਕ ਕੇਂਦਰ ਬਣਾਉਣ ਦੇ ਆਸ਼ੇ ਨਾਲ ਯੋਗ ਸਥਾਨ ਦੀ ਭਾਲ ਕਰਨੀ ਸ਼ੁਰੂ ਕਰ ਦਿੱਤੀ ਅਤੇ ਜਲਦੀ ਹੀ ਉਨ੍ਹਾਂ ਨੇ ਨੇੜੇ ਦੇ ਪਿੰਡਾਂ ਗੁੰਮਟਾਲਾ, ਤੁੰਗ, ਸੁਲਤਾਨਵਿੰਡ ਤੇ ਗਿਲਵਾਲੀ ਦੇ ਪੈਂਚ ਸਦਵਾ ਕੇ ਉਨ੍ਹਾਂ ਸਾਹਮਣੇ ਮੋੜ੍ਹੀ ਗਡਵਾਈ ਤੇ ਅਬਾਦ ਹੋਣ ਵਾਲੇ ਨਵੇਂ ਪਿੰਡ ਦਾ ਨਾਮ 'ਗੁਰੂ-ਚੱਕ' ਰੱਖਿਆ। ਇਸ ਦੀ ਉਸਾਰੀ ਦਾ ਕੰਮ ਭਾਈ ਜੇਠਾ ਜੀ (ਸ੍ਰੀ ਗੁਰੂ ਰਾਮਦਾਸ ਜੀ) ਨੂੰ ਸੌਂਪ ਦਿੱਤਾ ਅਤੇ ਉਨ੍ਹਾਂ ਨੂੰ ਸ੍ਰੀ ਗੁਰੂ ਅਮਰਦਾਸ ਜੀ ਨੇ ਹਦਾਇਤ ਕਰ ਦਿੱਤੀ ਸੀ ਕਿ ਆਪਣਾ ਟਿਕਾਣਾ 'ਗੁਰੂ ਕੇ ਚੱਕ' ਹੀ ਕਰ ਲੈਣ। ਸ੍ਰੀ ਗੁਰੂ ਰਾਮਦਾਸ ਜੀ ਦੇ ਸਮੇਂ 'ਗੁਰੂ ਕਾ ਚੱਕ" ਪਹਿਲਾਂ ਰਾਮਦਾਸਪੁਰਾ ਤੇ ਫਿਰ ਸ੍ਰੀ ਅੰਮ੍ਰਿਤਸਰ ਦੇ ਰੂਪ ਵਿਚ ਸਿੱਖੀ ਦਾ ਕੇਂਦਰੀ ਸਥਾਨ ਬਣ ਗਿਆ। ਜਿਸ ਨੇ ਆਉਣ ਵਾਲੇ ਸਿੱਖ ਇਤਿਹਾਸ ਵਿਚ ਸ਼ਾਨਦਾਰ ਭੂਮਿਕਾ ਨਿਭਾਈ।ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਜਾਰੀ ਕੀਤੀ ਸੰਗਤ ਦੀ ਸੰਸਥਾ ਦਾ ਵੀ ਵਿਕਾਸ ਕੀਤਾ। ਸੰਗਤ ਸੰਸਥਾ ਵਿੱਚੋਂ ਭੇਦ ਭਾਵ ਮਿਟਾਉਣ ਲਈ ਆਪ ਜੀ ਨੇ ਸੰਗਤ ਸੰਸਥਾ ਦੇ ਨਾਲ-ਨਾਲ "ਲੰਗਰ" ਮਰਯਾਦਾ ਨੂੰ ਵੀ ਹੋਰ ਮਜ਼ਬੂਤ ਕੀਤਾ। ਬੇਸ਼ੱਕ ਲੰਗਰ ਦੀ ਸੰਸਥਾ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਹੀ ਸ਼ੁਰੂ ਹੋ ਗਈ ਸੀ ਅਤੇ ਸ੍ਰੀ ਗੁਰੂ ਅੰਗਦ ਦੇਵ ਜੀ ਵੀ ਬੜੀ ਮਿਹਨਤ ਅਤੇ ਵਫਾਦਾਰੀ ਨਾਲ ਇਸ ਪ੍ਰਥਾ ਨੂੰ ਮਜ਼ਬੂਤ ਕਰਨ ਵਿਚ ਜੁਟੇ ਰਹੇ ਸਨ। ਪਰ ਫਿਰ ਵੀ ਕਿਸੇ ਪਾਬੰਦੀ ਦੇ ਨਾ ਹੋਣ ਕਾਰਨ ਕਈ ਜਾਤ ਅਭਿਮਾਨੀ ਜਗਿਆਸੂ ਗੁਰੂ ਸਾਹਿਬ ਦੇ ਬਚਨ ਸੁਣਨ ਤਾਂ ਆ ਜਾਇਆ ਕਰਦੇ ਸਨ। ਪਰ ਅਖੌਤੀ ਨੀਵੀਂ ਜਾਤ ਵਾਲਿਆਂ ਨਾਲ ਬੈਠ ਕੇ ਲੰਗਰ ਛਕਣਾ ਪਸੰਦ ਨਹੀਂ ਸਨ ਕਰਦੇ। ਸ੍ਰੀ ਗੁਰੂ ਅਮਰਦਾਸ ਜੀ ਨੇ ਆਪਸੀ ਵਿਤਕਰਿਆਂ ਨੂੰ ਮਿਟਾ ਕੇ ਸਮਾਨਤਾ ਲਿਆਉਣ ਲਈ ਹੁਕਮ ਜਾਰੀ ਕਰ ਦਿੱਤਾ ਕਿ ਜੋ ਕੋਈ ਵੀ ਸਾਡੇ ਦਰਸ਼ਨ ਕਰਨ ਆਵੇ ਪਹਿਲਾਂ ਲੰਗਰ ਵਿੱਚੋਂ ਪ੍ਰਸ਼ਾਦਾ ਛਕੇ ਅਤੇ ਫਿਰ ਸੰਗਤ ਵਿਚ ਹਾਜਰ ਹੋ ਕੇ ਉਪਦੇਸ਼ ਸੁਣੇ। ਮਾਨਵ ਜਾਤੀ ਨੂੰ ਅਧਿਆਤਮਿਕ, ਸਮਾਜਿਕ ਤੇ ਰਾਜਨੀਤਿਕ ਦ੍ਰਿਸ਼ਟੀ ਤੋਂ ਬਰਾਬਰ ਰੱਖਣ ਵਾਸਤੇ ਸ੍ਰੀ ਗੁਰੂ ਅਮਰਦਾਸ ਜੀ ਨੇ ਸੰਗਤ ਤੇ ਪੰਗਤ ਵਰਗੀਆਂ ਸੰਸਥਾਵਾਂ ਨੂੰ ਸੁਚੇਤ ਤੌਰ 'ਤੇ ਮਰਯਾਦਾ ਬੱਧ ਕੀਤਾ। ਡਾ. (ਛਾਬੜਾ) ਦੇ ਸ਼ਬਦਾਂ ਅਨੁਸਾਰ "ਲੰਗਰ ਦੀ ਮਰਯਾਦਾ ਨੇ ਲੋਕਾਂ ਨੂੰ ਸਮਾਜਿਕ ਵਿਤਕਰੇ ਮਿਟਾ ਕੇ ਇਕ ਦੂਜੇ ਪ੍ਰਤੀ ਪਿਆਰ ਤੇ ਭਰਾਤਰੀ ਭਾਵਨਾ ਪੈਦਾ ਕਰਨ ਵਿਚ ਕਾਫੀ ਮਦਦ ਕੀਤੀ"। ਮੁਗ਼ਲ ਬਾਦਸ਼ਾਹ ਅਕਬਰ ਜਦੋਂ ਗੁਰੂ ਸਾਹਿਬ ਨੂੰ ਮਿਲਣ ਆਇਆ ਤਾਂ ਉਸ ਨੇ ਵੀ ਗੁਰੂ ਜੀ ਦੇ ਹੁਕਮ ਨੂੰ ਮੰਨਦਿਆਂ ਪੰਗਤ ਵਿਚ ਬੈਠ ਕੇ ਲੰਗਰ ਛਕਿਆ ਅਤੇ ਫਿਰ ਗੁਰੂ ਸਾਹਿਬ ਦੇ ਦਰਸ਼ਨ ਕੀਤੇ। ਇਸ ਪ੍ਰਕਾਰ ਗੁਰੂ ਸਾਹਿਬ ਨੇ 'ਪਹਿਲੇ ਪੰਗਤ ਪਾਛੇ ਸੰਗਤ' ਦੀ ਮਰਯਾਦਾ ਸਥਾਪਿਤ ਕੀਤੀ।ਸ੍ਰੀ ਗੁਰੂ ਅਮਰਦਾਸ ਜੀ ਨੇ ਜਾਤ ਤੇ ਮਾਇਆ-ਅਭਿਮਾਨ ਨੂੰ ਸਿਧਾਂਤਕ ਤੌਰ 'ਤੇ ਵੀ ਨੀਵਾਂ ਦਿਖਾਇਆ ਤੇ ਸੰਗਤ-ਪੰਗਤ ਸੰਸਥਾਵਾਂ ਸਿਰਜ ਕੇ ਅਮਲੀ ਰੂਪ ਵਿਚ ਵੀ ਪੂਰੀ ਦਲੇਰੀ ਨਾਲ ਨਿਖੇੜਿਆ।ਜਾਤਿ ਕਾ ਗਰਬੁ ਨਾ ਕਰੀਅਹੁ ਕੋਈ॥ ਬ੍ਰਹਮੁ ਬਿੰਦੇ ਸੋ ਬ੍ਰਾਹਮਣ ਹੋਈ॥ ਜਾਤਿ ਕਾ ਗਰਬੁ ਨਾ ਕਰਿ ਮੂਰਖ ਗਵਾਰਾ॥ ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ॥ (ਅੰਗ ੧੧੨੭)ਸ੍ਰੀ ਗੁਰੂ ਅਮਰਦਾਸ ਜੀ ਦੀ ਗੁਰਿਆਈ ਦਾ ਸਮਾਂ ਸਿੱਖ ਲਹਿਰ ਦੇ ਵਿਕਾਸ ਵਿਚ ਇਕ ਮਹੱਤਵਪੂਰਨ ਮੋੜ ਸਾਬਤ ਹੋਇਆ। ਸ੍ਰੀ ਗੁਰੂ ਅਮਰਦਾਸ ਜੀ ਨੇ ਵੱਖੋ ਵੱਖਰੇ ਸੰਗਠਨਾਤਮਿਕ ਕੰਮਾਂ ਤੋਂ ਇਲਾਵਾ ਉਸ ਸਮੇਂ ਦੇ ਸਮਾਜ ਵਿਚ ਆਈਆਂ ਕੁਰੀਤੀਆਂ ਦਾ ਖੰਡਨ ਕੀਤਾ। ਸ੍ਰੀ ਗੁਰੂ ਅਮਰਦਾਸ ਜੀ ਨੇ ਜਿੱਥੇ 'ਸਤੀ' ਰਸਮ ਵਿਰੁੱਧ ਆਪਣੀ ਅਵਾਜ਼ ਬੁਲੰਦ ਕੀਤੀ, ਉੱਥੇ ਉਨ੍ਹਾਂ ਨੇ ਆਦਰਸ਼ ਪਤਨੀ ਦੇ ਲੱਛਣ ਦੱਸ ਕੇ ਸਪਸ਼ਟ ਕਰ ਦਿੱਤਾ ਕਿ ਸਤੀ ਉਹ ਨਹੀਂ; ਜਿਹੜੀ ਚਿਤਾ ਉੱਤੇ ਜਲ ਕੇ ਸੜ੍ਹ ਮੋਏ, ਬਲਕਿ ਸਤੀ ਤਾਂ ਉਹ ਹੈ, ਜੋ ਆਪਣੇ ਪਤੀ ਦੇ ਵਿਯੋਗ ਵਿਚ ਪ੍ਰਾਣ ਤਿਆਗ ਦੇਵੇ। ਗੁਰੂ ਸਾਹਿਬ ਨੇ ਸਤੀ ਦੀ ਮਹਾਨਤਾ ਨੂੰ ਇਉਂ ਦਰਸਾਇਆ ਹੈ:ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ॥ ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ॥ਪੇਨ ਦੇ ਕਥਨ ਅਨੁਸਾਰ, "ਸ੍ਰੀ ਗੁਰੂ ਅਮਰਦਾਸ ਜੀ ਨੂੰ ਮੁੱਖ ਰੂਪ ਵਿਚ ਸਤੀ ਪ੍ਰਥਾ ਦੇ ਵਿਰੁੱਧ ਉਤਸ਼ਾਹ ਪੁਰਵਕ ਪ੍ਰਚਾਰ ਕਰਨ ਲਈ ਯਾਦ ਕੀਤਾ ਜਾਂਦਾ ਹੈ"।ਸ੍ਰੀ ਗੁਰੂ ਅਮਰਦਾਸ ਜੀ ਨੇ ਸਮਾਜ ਵਿਚ ਪ੍ਰਚਲਿਤ ਪਰਦਾ ਪ੍ਰਥਾ ਨੂੰ ਸਮਾਪਤ ਕੀਤਾ। ਗੁਰੂ ਜੀ ਨੇ ਸੰਗਤ ਵਿਚ ਆਉਣ ਵਾਲੀਆਂ ਔਰਤਾਂ ਨੂੰ ਹੁਕਮ ਦਿੱਤਾ ਸੀ ਕਿ ਉਹ ਪਰਦਾ ਨਾ ਕਰਨ ਕਿਉਂਕਿ ਇਹ ਪ੍ਰਥਾ ਇਸਤਰੀ ਜਾਤੀ ਦੇ ਮਾਨਸਿਕ, ਬੌਧਿਕ ਵਿਕਾਸ ਵਿਚ ਰੁਕਾਵਟ ਪਾਉਂਦੀ ਹੈ। ਗੁਰੂ ਜੀ ਨੇ ਵਿਧਵਾ-ਵਿਆਹ ਅਤੇ ਪੁਨਰ-ਵਿਆਹ ਦੀ ਆਗਿਆ ਦੇ ਕੇ ਪ੍ਰਚਲਿਤ ਬੰਧਨਾਂ ਨੂੰ ਤੋੜਿਆ ਅਤੇ ਛੋਟੀ ਉਮਰ ਵਿਚ ਸ਼ਾਦੀ ਕਰਨ ਦੇ ਰਿਵਾਜ ਨੂੰ ਖਤਮ ਕਰਕੇ ਨਰੋਆ ਤੇ ਸਿਹਤਮੰਦ ਸਮਾਜ ਉਸਾਰਨਦੀ ਲੀਹ ਪਾਈ।ਇਸ ਤਰ੍ਹਾਂ ਸ੍ਰੀ ਗੁਰੂ ਅਮਰਦਾਸ ਜੀ ਦੀ ਗੁਰਿਆਈ ਸਿੱਖ ਮੱਤ ਦੇ ਇਤਿਹਾਸ ਵਿਚ ਕਈ ਢੰਗਾਂ ਨਾਲ ਇਕ ਮੋੜ ਕਹੀ ਜਾ ਸਕਦੀ ਹੈ। ਸੁਧਾਰ ਅਤੇ ਪੁਨਰ ਨਿਰਮਾਣ ਦੇ ਯਤਨਾਂ ਨਾਲ ਅਰੰਭ ਹੋਏ ਸਿੱਖ ਮੱਤ ਨੂੰ ਜਿੱਥੇ ਵਿਕਾਸਸ਼ੀਲ ਹੁੰਗਾਰਾ ਮਿਲਿਆ ਉੱਥੇ ਇਸ ਨਾਲੋਂ ਵੀ ਕਿਤੇ ਵੱਧ ਵਿਰੋਧਤਾ ਦਾ ਸਾਹਮਣਾ ਕਰਨਾ ਪਿਆ ਪ੍ਰੰਤੂ ਸ੍ਰੀ ਗੁਰੂ ਅਮਰਦਾਸ ਜੀ ਨੇ ਸਿੱਖ ਧਰਮ ਨੂੰ ਸਾਕਾਰ ਰੂਪ ਦੇਣ ਲਈ ਬਿਨਾਂ ਕਿਸੇ ਸੰਕੋਚ ਦੇ ਇਸ ਸਥਿਤੀ ਨੂੰ ਸਵੀਕਾਰ ਕਰ ਲਿਆ। ਇਸ ਨੂੰ ਸਾਕਾਰ ਰੂਪ ਦੇਣ ਲਈ ਪੂਰੀ ਸ਼ਕਤੀ ਨਾਲ ਕੰਮ ਕੀਤਾ। ਉਨ੍ਹਾਂ ਦੀ ਛਤਰ ਛਾਇਆ ਹੇਠ ਸਿੱਖ ਧਰਮ ਦਾ ਨਾਂ ਦੂਰ-ਦੂਰ ਤਕ ਫੈਲ ਗਿਆ ਸੀ।ਸਮੁੱਚੇ ਤੌਰ 'ਤੇ ਸ੍ਰੀ ਗੁਰੂ ਅਮਰਦਾਸ ਜੀ ਦਾ ਜੀਵਨ ਅਧਿਆਤਮਿਕ ਕੀਮਤਾਂ ਨਾਲ ਸ਼ਿੰਗਾਰਿਆ ਹੋਇਆ ਜੀਵਨ ਹੈ। ਗੁਰੂ-ਜੀਵਨ ਦੁਆਰਾ ਸਿੱਖ ਧਰਮ ਤੇ ਸਿੱਖ ਲਹਿਰ ਨੂੰ ਜੋ ਉਨ੍ਹਾਂ ਨੇ ਬਲ ਪ੍ਰਦਾਨ ਕੀਤਾ ਹੈ, ਉਸ ਦਾ ਆਪਣਾ ਅਧਿਆਤਮਿਕ ਤੇ ਇਤਿਹਾਸਿਕ ਗੌਰਵ ਹੈ।

**-ਡਾ. ਨਰਿੰਦਰ ਕੌਰ**

# ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਇਕੱਤਰਤਾ: ਸਿੱਖ ਸੰਸਥਾਵਾਂ ਵੱਲੋਂ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸੋਧ ਐਕਟ ਨਾਮਨਜ਼ੂਰ

ਸ੍ਰੀ ਅੰਮ੍ਰਿਤਸਰ-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ 'ਦ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ 2026' ਅਤੇ ਭਾਈ ਬਲਵੰਤ ਸਿੰਘ ਰਾਜੋਆਣਾ ਦੇ ਮਾਮਲਿਆਂ ਸਬੰਧੀ ਦੀਰਘ ਵਿਚਾਰ ਵਟਾਂਦਰੇ ਲਈ ਸਿੱਖ ਸੰਸਥਾਵਾਂ, ਜਥੇਬੰਦੀਆਂ, ਵਿਦਵਾਨਾਂ, ਕਾਨੂੰਨੀ ਮਾਹਰਾਂ ਅਤੇ ਵਿਚਾਰਵਾਨਾਂ ਦੀ ਵਿਸ਼ੇਸ਼ ਇਕੱਤਰਤਾ ਅੱਜ ਸ੍ਰੀ ਅੰਮ੍ਰਿਤਸਰ ਸਥਿਤ ਭਾਈ ਗੁਰਦਾਸ ਹਾਲ ਵਿਖੇ ਕੀਤੀ ਗਈ। ਇਕੱਤਰਤਾ ਵਿੱਚ ਵੱਡੀ ਗਿਣਤੀ ਵਿੱਚ ਵਿਚਾਰਵਾਨ ਸਿੱਖਾਂ ਅਤੇ ਵੱਖ-ਵੱਖ ਸੰਸਥਾਵਾਂ ਤੇ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਭਰਵੀਂ ਸ਼ਮੂਲੀਅਤ ਕੀਤੀ ਅਤੇ ਖੁੱਲ੍ਹੇ ਮਾਹੌਲ ਵਿੱਚ ਆਪਣੇ ਵਿਚਾਰ ਰੱਖੇ। ਪੰਜਾਬ ਸਰਕਾਰ ਵੱਲੋਂ ਪਾਸ ਕੀਤੇ ਗਏ 'ਦ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026' ਬਾਰੇ ਸਿੱਖ ਕੌਮ ਅੰਦਰ ਪੈਦਾ ਹੋਏ ਖਦਸ਼ਿਆਂ ਅਤੇ ਇਸ ਉੱਤੇ ਜਾਹਰ ਕੀਤੇ ਜਾ ਰਹੇ ਇਤਰਾਜ਼ਾਂ ਦੇ ਮੱਦੇਨਜ਼ਰ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੂੰ 8 ਮਈ 2026 ਨੂੰ ਸਵੇਰੇ 11 ਵਜੇ ਵਿਚਾਰ ਕਰਨ ਲਈ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸੱਦਿਆ ਹੈ।ਇਕੱਤਰਤਾ ਦੌਰਾਨ ਵੱਖ-ਵੱਖ ਬੁਲਾਰਿਆਂ ਨੇ ਮਹਿਸੂਸ ਕੀਤਾ ਕਿ ਪੰਜਾਬ ਸਰਕਾਰ ਵੱਲੋਂ ਪਾਸ ਕੀਤਾ ਗਿਆ ਐਕਟ ਸਿੱਖਾਂ ਦੇ ਧਾਰਮਿਕ ਮਾਮਲਿਆਂ ਅੰਦਰ ਸਿੱਧਾ ਦਖਲ ਹੈ ਅਤੇ ਇਸ ਨਾਲ ਬੇਅਦਬੀ ਦੇ ਮਾਮਲਿਆਂ ਅੰਦਰ ਦੋਸ਼ੀਆਂ ਨੂੰ ਸਜ਼ਾਵਾਂ ਉੱਤੇ ਕੇਂਦ੍ਰਿਤ ਹੋਣ ਅਤੇ ਸਿੱਖਾਂ ਨੂੰ ਇਨਸਾਫ਼ ਦੇਣ ਦੀ ਥਾਂ ਸਿੱਖ ਸੰਸਥਾਵਾਂ, ਗੁਰਦੁਆਰਾ ਪ੍ਰਬੰਧਕਾਂ, ਸੰਗਤ, ਗ੍ਰੰਥੀ ਸਿੰਘਾਂ, ਗੁਰੂ ਨਾਨਕ ਨਾਮ ਲੇਵਾ ਉੱਤੇ ਵਧੇਰੀ ਜ਼ਿੰਮੇਵਾਰੀ ਤੈਅ ਕਰ ਦਿੱਤੀ ਗਈ ਹੈ। ਅਜਿਹੀ ਕਾਰਵਾਈ ਨਾਲ ਜਿੱਥੇ ਸਿੱਖੀ ਪ੍ਰਚਾਰ ਪ੍ਰਸਾਰ ਵਿੱਚ ਵੱਡੀਆਂ ਰੁਕਾਵਟਾਂ ਆਉਣਗੀਆਂ ਉੱਥੇ ਹੀ ਸਿੱਖ ਸੰਗਤ ਵੀ ਗੁਰੂ ਸਾਹਿਬ ਨਾਲੋਂ ਟੁੱਟੇਗੀ।ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਅੱਜ ਦੀ ਇਕੱਤਰਤਾ ਵਿੱਚ ਸਾਂਝੀ ਰਾਏ ਇਹ ਬਣੀ ਹੈ ਕਿ ਖ਼ਾਲਸਾ ਪੰਥ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਹਿਮਤੀ ਤੋਂ ਬਿਨਾਂ ਜੋ 'ਦ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026' ਮੌਜੂਦਾ ਪੰਜਾਬ ਸਰਕਾਰ ਨੇ ਸੋਧ ਕਰਕੇ ਜਿਸ ਰੂਪ ਵਿੱਚ ਪਾਸ ਕੀਤਾ ਹੈ ਇਸ ਨੂੰ ਪ੍ਰਵਾਨ ਨਹੀਂ ਕੀਤਾ ਜਾਣਾ ਚਾਹੀਦਾ। ਉਨ੍ਹਾਂ ਕਿਹਾ ਕਿ ਖ਼ਾਲਸਾ ਪੰਥ ਦੀ ਮੰਗ ਅਤੇ ਰਾਏ ਨੂੰ ਧਿਆਨ ਵਿੱਚ ਰੱਖਦਿਆਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੂੰ 8 ਮਈ ਨੂੰ 11 ਵਜੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸੱਦਿਆ ਗਿਆ ਹੈ। ਉਨ੍ਹਾਂ ਕਿਹਾ ਕਿ ਸਪੀਕਰ ਸ. ਸੰਧਵਾਂ ਨਾਲ ਪਾਸ ਕੀਤੇ ਗਏ ਕਾਨੂੰਨ ਬਾਰੇ ਮਦ-ਦਰ-ਮਦ ਵਿਚਾਰ ਕੀਤਾ ਜਾਵੇਗਾ ਅਤੇ ਪੁੱਛਿਆ ਜਾਵੇਗਾ ਕਿ ਕਾਨੂੰਨ ਬਣਾਉਣ ਤੋਂ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸਿੱਖ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਭਰੋਸੇ ਵਿੱਚ ਕਿਉਂ ਨਹੀਂ ਲਿਆ ਗਿਆ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਐਕਟ ਅੰਦਰ ਜੋ ਵੀ ਸੋਧਾਂ ਕੀਤੀਆਂ ਗਈਆਂ ਉਨ੍ਹਾਂ ਨੂੰ ਖ਼ਾਲਸਾ ਪੰਥ ਉਦੋਂ ਤੱਕ ਪ੍ਰਵਾਨ ਨਹੀਂ ਕਰ ਸਕਦਾ ਜਦੋਂ ਤੱਕ ਪੰਥ ਦੀ ਸਹਿਮਤੀ ਨਾ ਹੋਵੇ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਜੁੜਿਆ ਕੋਈ ਵੀ ਮਾਮਲਾ ਸਿੱਖਾਂ ਦਾ ਅੰਦਰੂਨੀ ਧਾਰਮਿਕ ਮਾਮਲਾ ਹੈ ਅਤੇ ਇਸ ਸਬੰਧੀ ਕੋਈ ਵੀ ਸਰਕਾਰ ਸਿੱਖਾਂ ਉੱਤੇ ਜ਼ਬਰਦਸਤੀ ਕਾਨੂੰਨ ਨਹੀਂ ਠੋਸ ਸਕਦੀ। ਸਰਕਾਰ ਨੂੰ ਇਹ ਸਪੱਸ਼ਟ ਕਰਨਾ ਪਵੇਗਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਨੁਮਾਇੰਦਾ ਸਿੱਖ ਸੰਸਥਾਵਾਂ ਨੂੰ ਨਜ਼ਰਅੰਦਾਜ਼ ਕਿਉਂ ਕੀਤਾ ਗਿਆ।ਜਥੇਦਾਰ ਗੜਗੱਜ ਨੇ ਸਪੱਸ਼ਟ ਕੀਤਾ ਕਿ ਸਰਕਾਰ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਲਈ ਭਾਵੇਂ ਕਿਤਨਾ ਵੀ ਸਖ਼ਤ ਕਾਨੂੰਨ ਬਣਾਵੇ, ਇਸ ਨਾਲ ਖ਼ਾਲਸਾ ਪੰਥ ਦਾ ਕੋਈ ਵਿਰੋਧ ਨਹੀਂ ਹੈ। ਪਰੰਤੂ ਜਦੋਂ ਗੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਇਸ ਨਾਲ ਜੁੜੀਆਂ ਸਿੱਖ ਭਾਵਨਾਵਾਂ ਅਤੇ ਸਿੱਖ ਸਰੋਕਾਰਾਂ ਨੂੰ ਕਾਨੂੰਨ ਦੇ ਦਾਇਰੇ ਵਿੱਚ ਲਿਆਉਣ ਦੀ ਹੋਵੇ ਤਾਂ ਖ਼ਾਲਸਾ ਪੰਥ ਇਸ ਨੂੰ ਪ੍ਰਵਾਨ ਨਹੀਂ ਕਰ ਸਕਦਾ।ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਪੰਜਾਬ ਅੰਦਰ ਜਦੋਂ ਤੋਂ ਬੇਅਦਬੀਆਂ ਦਾ ਦੌਰ ਚੱਲਿਆ ਉਸ ਤੋਂ ਬਾਅਦ ਹੁਣ ਤੱਕ ਦੋ ਸਰਕਾਰਾਂ ਆਈਆਂ ਪਰੰਤੂ ਅਸਲ ਦੋਸ਼ੀਆਂ ਤੱਕ ਕੋਈ ਸਰਕਾਰ ਨਹੀਂ ਪਹੁੰਚੀ। ਸਾਲ 2015 ਨਾਲ ਸਬੰਧਤ ਬੇਅਦਬੀ ਦੇ ਕੇਸ ਪੰਜਾਬ ਤੋਂ ਬਾਹਰ ਤਬਦੀਲ ਹੋਏ ਪਰੰਤੂ ਪੰਜਾਬ ਦੀ ਮੌਜੂਦਾ ਸਰਕਾਰ ਨੇ ਇਨ੍ਹਾਂ ਕੇਸਾਂ ਨੂੰ ਪੰਜਾਬ ਵਿੱਚ ਵਾਪਸ ਲਿਆਉਣ ਲਈ ਕੋਈ ਠੋਸ ਪੈਰਵਾਈ ਨਹੀਂ ਕੀਤੀ। ਪੰਥ ਨੇ ਬੇਅਦਬੀ ਦੇ ਦੋਸ਼ੀਆਂ ਨੂੰ ਫੜ ਕੇ ਸਜ਼ਾਵਾਂ ਦੇਣ ਦੀ ਮੰਗ ਕੀਤੀ ਸੀ ਪਰ ਅਜੇ ਤੱਕ ਮੁੱਖ ਦੋਸ਼ੀ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਗ੍ਰਿਫ਼ਤਾਰ ਕਰਕੇ ਪੰਜਾਬ ਨਹੀਂ ਲਿਆਇਆ ਗਿਆ। ਪੰਜਾਬ ਸਰਕਾਰ ਨੂੰ ਇਸ ਗੱਲ ਉੱਤੇ ਸਥਿਤੀ ਸਪੱਸ਼ਟ ਕਰਨੀ ਪਵੇਗੀ ਕਿ ਡੇਰਾ ਸਿਰਸਾ ਮੁਖੀ ਬੇਅਦਬੀ ਦੇ ਮੁੱਖ ਮਾਮਲਿਆਂ ਵਿੱਚ ਦੋਸ਼ੀ ਹੈ ਉਸ ਨੂੰ ਅਜੇ ਤੱਕ ਪੰਜਾਬ ਕਿਉਂ ਨਹੀਂ ਲਿਆਂਦਾ ਗਿਆ ਅਤੇ ਉਸ ਵਿਰੁੱਧ ਕਾਰਵਾਈ ਕਿਉਂ ਨਹੀਂ ਕੀਤੀ ਗਈ। ਉਨ੍ਹਾਂ 2017 ਮੌੜ ਬੰਬ ਧਮਾਕੇ ਮਾਮਲੇ ਵਿੱਚ ਵੀ ਡੇਰਾ ਸਿਰਸਾ ਮੁਖੀ ਦੀ ਤਾਰ ਜੁੜੀ ਹੋਣ ਦੀ ਗੱਲ ਆਖੀ ਅਤੇ ਪੰਜਾਬ ਸਰਕਾਰ ਨੂੰ ਸਵਾਲ ਕੀਤਾ ਕਿ ਇਸ ਮਾਮਲੇ ਵਿੱਚ ਸੱਤ ਮਾਸੂਮ ਜਾਨਾਂ ਨੂੰ ਕਤਲ ਕਰਨ ਵਾਲੇ ਦੋਸ਼ੀ ਕੌਣ ਹਨ?ਜ਼ਿੰਦਾ ਸ਼ਹੀਦ ਭਾਈ ਬਲਵੰਤ ਸਿੰਘ ਰਾਜੋਆਣਾ ਦੇ ਮਾਮਲੇ ਸਬੰਧੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਜਦੋਂ ਸੈਂਕੜੇ ਲੋਕਾਂ ਨੂੰ ਕਤਲ ਕਰਨ ਵਾਲੇ ਕੈਦੀਆਂ ਨੂੰ ਦੇਸ਼ ਦੇ ਰਾਸ਼ਟਰਪਤੀ ਰਿਹਾਅ ਕਰ ਸਕਦੇ ਹਨ ਤਾਂ ਫਿਰ ਸਿੱਖਾਂ ਨਾਲ ਕੇਂਦਰ ਸਰਕਾਰ ਦੋਹਰੇ ਮਾਪਦੰਡ ਕਿਉਂ ਅਪਣਾ ਰਹੀ ਹੈ। ਉਨ੍ਹਾਂ ਕਿਹਾ ਕਿ ਜੇਕਰ ਪ੍ਰਧਾਨ ਮੰਤਰੀ ਦੇ ਕਤਲ ਮਾਮਲੇ ਵਿੱਚ ਕੈਦੀਆਂ ਨੂੰ ਛੱਡਿਆ ਜਾ ਸਕਦਾ ਹੈ ਤਾਂ ਫਿਰ ਸੂਬੇ ਦੇ ਮੁੱਖ ਮੰਤਰੀ ਦੇ ਮਾਮਲੇ ਵਿੱਚ ਕੈਦੀਆਂ ਨੂੰ ਰਿਹਾਅ ਕਿਉਂ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਇਹ ਸਪੱਸ਼ਟ ਕਰਨਾ ਪਵੇਗਾ ਕਿ ਉਹ ਸਿੱਖਾਂ ਪ੍ਰਤੀ ਦੋਹਰੀ ਨੀਤੀ ਕਿਉਂ ਅਪਣਾ ਰਹੀ ਹੈ, ਜਦੋਂਕਿ ਸਰਕਾਰ ਨੇ 2019 ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਗੁਰਪੁਰਬ ਮੌਕੇ ਇਹ ਨੋਟੀਫਿਕੇਸ਼ਨ ਜਾਰੀ ਕੀਤੀ ਹੈ ਕਿ ਉਹ ਭਾਈ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਤਬਦੀਲ ਕਰੇਗੀ, ਲੇਕਿਨ ਅੱਜ 2026 ਆ ਗਿਆ ਪਰੰਤੂ ਹੁਣ ਤੱਕ ਅਜਿਹਾ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਭਾਈ ਰਾਜੋਆਣਾ ਦੇ ਮਾਮਲੇ ਉੱਤੇ ਦੀਰਘ ਵਿਚਾਰ ਹੋਈ ਹੈ ਅਤੇ ਆਉਣ ਵਾਲੇ ਸਮੇਂ ਅੰਦਰ ਯੋਗ ਫੈਸਲਾ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਸਮੂਹ ਵਿਚਾਰਵਾਨਾਂ ਨੇ ਇਹ ਇਕਜੁੱਟਤਾ ਦੇ ਨਾਲ ਕਿਹਾ ਹੈ ਕਿ ਉਹ ਸਮੂਹ ਬੰਦੀ ਸਿੰਘਾਂ ਅਤੇ ਭਾਈ ਰਾਜੋਆਣਾ ਦੇ ਨਾਲ ਖੜ੍ਹੇ ਹਨ। ਇਸ ਦੌਰਾਨ ਵੱਖ-ਵੱਖ ਬੁਲਾਰਿਆਂ ਨੇ ਆਪਣੇ ਵਿਚਾਰ ਪੇਸ਼ ਕੀਤੇ ਜਿਨ੍ਹਾਂ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸਮੂਹ ਨਿਹੰਗ ਸਿੰਘ ਦਲ ਪੰਥਾਂ ਦੀ ਤਰਫ਼ੋਂ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ, ਦਮਦਮੀ ਟਕਸਾਲ ਦੀ ਤਰਫ਼ੋਂ ਸ. ਸ਼ਮਸ਼ੇਰ ਸਿੰਘ ਜੇਠੂਵਾਲ, ਸੀਨੀਅਰ ਐਡਵੋਕੇਟ ਸ. ਪੂਰਨ ਸਿੰਘ ਹੁੰਦਲ, ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਕਿਰਨਜੋਤ ਕੌਰ, ਐਡਵੋਕੇਟ ਸ. ਬਰਜਿੰਦਰ ਸਿੰਘ ਸੋਢੀ, ਦਲ ਖ਼ਾਲਸਾ ਤੋਂ ਸ. ਕੰਵਰਪਾਲ ਸਿੰਘ, ਐਡਵੋਕੇਟ ਸ. ਸਿਮਰਨਜੀਤ ਸਿੰਘ, ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਤੋਂ ਸ. ਗੁਰਪ੍ਰੀਤ ਸਿੰਘ, ਐਡਵੋਕੇਟ ਸ. ਬਰਜਿੰਦਰ ਸਿੰਘ ਲੂੰਬਾ, ਸ. ਬਲਦੀਪ ਸਿੰਘ ਰਾਮੂਵਾਲੀਆ, ਡਾ. ਐੱਮ. ਐੱਸ. ਰੰਧਾਵਾ, ਗੰਗਵੀਰ ਸਿੰਘ ਰਾਠੌੜ, ਬਾਬਾ ਬਖਸ਼ੀਸ਼ ਸਿੰਘ ਆਦਿ।ਕੁਝ ਵਿਦਵਾਨਾਂ ਵੱਲੋਂ ਲਿਖਤੀ ਸੁਝਾਅ ਵੀ ਭੇਜੇ ਗਏ ਜਿਨ੍ਹਾਂ ਵਿੱਚ ਅਖੰਡ ਕੀਰਤਨੀ ਜਥਾ, ਡਾ. ਪਰਮਵੀਰ ਸਿੰਘ ਮੁਖੀ ਸਿੱਖ ਵਿਸ਼ਵਕੋਸ਼ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ, ਸ. ਗੁਰਤੇਜ ਸਿੰਘ ਸਾਬਕਾ ਆਈ.ਏ.ਐੱਸ, ਐਡਵੋਕੇਟ ਨਵਕਿਰਨ ਸਿੰਘ, ਡਾ. ਕੇਹਰ ਸਿੰਘ ਪਟਿਆਲਾ, ਡਾ. ਮਨਜੀਤ ਸਿੰਘ ਰੰਧਾਵਾ ਗੁਰੂ ਅਦਬ ਮੋਰਚਾ ਸਰਹਿੰਦ ਸ਼ਾਮਲ ਹਨ। ਜਸਟਿਸ ਆਰ.ਐੱਸ. ਸੋਢੀ ਵੱਲੋਂ ਇਸ ਮਾਮਲੇ ਸਬੰਧੀ ਲਿਖੇ ਗਏ ਲੇਖਾਂ ਨੂੰ ਉਨ੍ਹਾਂ ਦੀ ਰਾਏ ਵਜੋਂ ਸ਼ਾਮਲ ਕੀਤਾ ਗਿਆ। ਸਟੇਜ ਦਾ ਸੰਚਾਲਨ ਸ਼੍ਰੋਮਣੀ ਕਮੇਟੀ ਦੇ ਮੁੱਖ ਪ੍ਰਚਾਰਕ ਭਾਈ ਸਰਬਜੀਤ ਸਿੰਘ ਢੋਟੀਆਂ ਵੱਲੋਂ ਕੀਤਾ ਗਿਆ।ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥ ਸਿੰਘ ਸਾਹਿਬ ਗਿਆਨੀ ਪਰਵਿੰਦਰਪਾਲ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਬਾਬਾ ਟੇਕ ਸਿੰਘ, ਬਾਬਾ ਸਤਨਾਮ ਸਿੰਘ ਕਾਰ ਸੇਵਾ ਕਿਲ੍ਹਾ ਅਨੰਦਗੜ੍ਹ ਸਾਹਿਬ, ਬਾਬਾ ਮੇਜਰ ਸਿੰਘ ਸੋਢੀ, ਬਾਬਾ ਘੋਲਾ ਸਿੰਘ ਜੀ ਕਾਰ ਸੇਵਾ ਸਰਹਾਲੀ ਸਾਹਿਬ, ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਮੈਂਬਰ ਸ. ਸੁਰਜੀਤ ਸਿੰਘ ਤੁਗਲਵਾਲਾ, ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਭਾਈ ਅਮਰਜੀਤ ਸਿੰਘ ਚਾਵਲਾ, ਭਾਈ ਗੁਰਚਰਨ ਸਿੰਘ ਗਰੇਵਾਲ, ਭਾਈ ਗੁਰਬਖਸ਼ ਸਿੰਘ ਖ਼ਾਲਸਾ, ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਸਕੱਤਰ ਧਰਮ ਪ੍ਰਚਾਰ ਕਮੇਟੀ ਸ. ਗੁਰਿੰਦਰ ਸਿੰਘ ਮਥਰੇਵਾਲ, ਡਾ. ਪ੍ਰਿਤਪਾਲ ਸਿੰਘ ਉਪ ਕੁਲਪਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਸ੍ਰੀ ਫ਼ਤਿਹਗੜ੍ਹ ਸਾਹਿਬ, ਡਾ. ਹਰਦੇਵ ਸਿੰਘ, ਦਮਦਮੀ ਟਕਸਾਲ ਸੰਗਰਾਵਾਂ ਦੀ ਤਰਫ਼ੋਂ ਗਿਆਨੀ ਜਸਵੰਤ ਸਿੰਘ ਬੁੱਟਰ, ਸਿੱਖ ਮਿਸ਼ਨਰੀ ਕਾਲਜ ਸ੍ਰੀ ਅਨੰਦਪੁਰ ਸਾਹਿਬ, ਸਾਹਿਬਜ਼ਾਦਾ ਜੁਝਾਰ ਸਿੰਘ ਗੁਰਮਤਿ ਮਿਸ਼ਨਰੀ ਕਾਲਜ ਚੌਂਤਾਕਲਾ (ਰੋਪੜ), ਪ੍ਰੋ. ਜਗਮੋਹਨ ਸਿੰਘ ਦ ਸਿੱਖ ਕੁਲੈਕਟਿਵ, ਸ. ਗੁਰਪ੍ਰੀਤ ਸਿੰਘ, ਸ. ਸੁਖਪਾਲ ਸਿੰਘ, ਸ. ਦਲੀਪ ਸਿੰਘ, ਸ. ਬਲਜੀਤ ਸਿੰਘ ਖਾਲਸਾ, ਹਰ ਬੇਅੰਤ ਸਿੰਘ ਤੇ ਸ. ਸਤਪਾਲ ਸਿੰਘ ਮਸਤੂਆਣਾ ਸਾਹਿਬ, ਬਾਬਾ ਵਾਹਿਗੁਰੂ ਸਿੰਘ ਰਾਜਪੁਰਾ ਸਮਾਣੀ, ਬਾਬਾ ਗੁਰਪ੍ਰੀਤ ਸਿੰਘ ਮਸਤੂਆਣਾ ਸਾਹਿਬ ਸਰਬ ਧਰਮ ਸੰਸਥਾ, ਬਾਬਾ ਅਮਰੀਕ ਸਿੰਘ ਵਿਰਾਸਤੀ, ਬੀਬੀ ਮਨਜੀਤ ਕੌਰ ਪ੍ਰਿੰਸੀਪਲ ਸ਼ਹੀਦ ਸਿੱਖ ਮਿਸ਼ਰ ਨੇ ਕਾਲਜ ਸ੍ਰੀ ਅੰਮ੍ਰਿਤਸਰ, ਸ. ਗੁਰਮੀਤ ਸਿੰਘ ਸੁਰ ਸਿੰਘ, ਭਾਈ ਜਰਨੈਲ ਸਿੰਘ, ਬ੍ਰਹਮਾਨੰਦ ਗਿਰੀ ਮਹਾਮੰਡਲੇਸ਼ਵਰ ਜੂਨਾ ਅਖਾੜਾ ਕਾਲੀ ਮਾਤਾ ਮੰਦਿਰ ਪਟਿਆਲਾ, ਭਾਈ ਦਾਰਾ ਸਿੰਘ ਅਕਾਲੀਆ ਸਰਪ੍ਰਸਤ ਭਾਈ ਘਨਈਆ ਗ੍ਰੰਥੀ ਸਭਾ ਮਾਨਸਾ ਪੰਜਾਬ,ਦਮਦਮੀ ਟਕਸਾਲ ਜਥਾ ਭਿੰਡਰਾਂ ਭਾਈ ਸ਼ਮਸ਼ੇਰ ਸਿੰਘ ਬਾਬਾ ਬੋਹੜ ਸਿੰਘ, ਸੰਤ ਬਾਬਾ ਅਜੀਤ ਸਿੰਘ ਜੀ ਜੋਹਲਾਂ ਵੱਲੋਂ ਸਿੰਘ,ਸ. ਗੁਰਚਰਨ ਸਿੰਘ, ਬਾਬਾ ਬੁੱਢਾ ਜੀ ਗ੍ਰੰਥੀ ਭਲਾਈ ਚੌਂਕ ਟ੍ਰਸਟ ਮੋਗਾ, ਬਾਬਾ ਸਤਨਾਮ ਸਿੰਘ ਜੀ ਪਿੰਡ ਬਾਸਰਕੇ ਭੈਣੀ ਅੰਮ੍ਰਿਤਸਰ, ਸ. ਮਨਜੀਤ ਸਿੰਘ ਝਬਾਲ, ਬਾਬਾ ਸੁਖਦੇਵ ਸਿੰਘ ਜੀ ਸਿਧਾਣਾ ਸਾਹਿਬ, ਬਾਬਾ ਅਮਰੀਕ ਸਿੰਘ ਜੀ ਕਾਰ ਸੇਵਾ, ਬਾਬਾ ਬੁੱਢਾ ਜੀ ਇੰਟਰਨੈਸ਼ਨਲ ਗ੍ਰੰਥੀ ਸਭਾ ਭਾਈ ਸਤਨਾਮ ਸਿੰਘ ਅਕਾਲੀ ਆਦਿ ਹਾਜ਼ਰ ਸਨ।





# Sri Akal Takht Sahib Rejects Proposal for Making Film on Sardar Hari Singh Nalwa, Cites Ban on Portrayal of Puratan Sikh Warriors

Amritsar-The request submitted for deliberation at Sri Akal Takht Sahib regarding the making of a film on the life of Sikh general Sardar Hari Singh Nalwa has been rejected by the Jathedar of Sri Akal Takht Sahib, Jathedar Giani Kuldeep Singh Gargajj. He stated that a decision was recently taken on December 28, 2025, by the Five Singh Sahiban at Sri Akal Takht Sahib that films, animated films, and artificial intelligence-based videos cannot be made on Puratan (ancient) Sikh warriors.He said that Sardar Hari Singh Nalwa also falls within the category of puratan Sikh warriors, and therefore, approval for a film on his life cannot be granted.It is noteworthy that recently, Mumbai-based Bhanushali Studios Limited's co-producer, Sh. Bhavesh Bhanushali, had written a letter to Jathedar Giani Kuldip Singh Gargajj requesting permission, stating that their production house wishes to make a film on the life of the great Sikh warrior Sardar Hari Singh Nalwa and sought a meeting with him and members of the Shiromani Gurdwara Parbandhak Committee for discussions.Regarding this matter, Secretariat Sri Akal Takht Sahib in-charge Bagicha Singh said that, as per the directions of the respected Jathedar Giani Kuldip Singh Gargajj, a written communication has been sent to the co-producer of Bhanushali Studios Limited informing him that a film cannot be made on the life of Sikh warrior Sardar Hari Singh Nalwa.He further stated that copies of the recent directive issued by the Five Singh Sahiban from Sri Akal Takht Sahib regarding films have also been sent to Mr. Bhanushali, both in original and translated into English, so that he may exercise caution in future and take into account the restrictions before undertaking any projects related to Sikh subjects.

# ਕਿਰਤ ਦੀ ਸੱਚੀ ਇਤਿਹਾਸਕ ਮਿਸਾਲ: ਭਾਈ ਲਾਲੋ ਜੀ



ਸਿੱਖ ਧਰਮ ਦਾ ਆਗਾਜ਼ ਸ੍ਰੀ ਗੁਰੂ ਨਾਨਕ ਸਾਹਿਬ ਜੀ ਸੱਚੇ ਪਾਤਸ਼ਾਹ ਤੋਂ ਹੁੰਦਾ ਹੈ। ਇਤਿਹਾਸ ਗਵਾਹ ਹੈ ਕਿ ਜਦੋਂ ਗੁਰੂ ਜੀ ਨੇ ਇਸ ਧਰਤੀ 'ਤੇ ਪ੍ਰਕਾਸ਼ ਧਾਰਿਆ ਸੀ ਤਾਂ ਉਸ ਸਮੇਂ ਦੇਸ਼ ਦੀ ਰਾਜਨੀਤਿਕਤਾ, ਸਮਾਜਿਕਤਾ, ਆਰਥਿਕਤਾ ਕੰਗਾਲੀ ਦੇ ਕੰਢੇ 'ਤੇ ਸੀ। ਹਨੇਰਗਰਦੀ ਦਾ ਯੁੱਗ ਸੀ । ਬਾਬਰ ਦਾ ਜ਼ੁਲਮ ਚਰਮ-ਸੀਮਾ ਪਾਰ ਕਰ ਚੁਕਿਆ ਸੀ ਤੇ ਫਿਰ ਗੁਰੂ ਨਾਨਕ ਸਾਹਿਬ ਨੂੰ ਜਲਤੀ ਪ੍ਰਿਥਮੀ ਦਿਸੀ ਤਾਂ ਧਰਤ ਲੁਕਾਈ ਨੂੰ ਸੋਧਣ ਲਈ, ਸਿੱਖੀ ਦੇ ਨਿਰਮਲ ਪੰਥ ਦਾ ਬੀਜ ਤਿਆਰ ਕਰਨ ਲਈ, ਸਿੱਖੀ ਦਾ ਬੂਟਾ ਲਾਉਣ ਲਈ, ਸੁਲਤਾਨਪੁਰ ਲੋਧੀ ਤੋਂ ਐਮਨਾਬਾਦ ਵੱਲ ਰਵਾਨਾ ਹੋਏ ਅਤੇ ਭਾਈ ਲਾਲੋ ਜੀ ਦੇ ਘਰ ਪੁੱਜੇ।ਸਿੱਖ ਇਤਿਹਾਸ ਵਿਚ ਭਾਈ ਲਾਲੋ ਜੀ ਨੂੰ ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਸਿੱਖ ਹੋਣ ਦਾ ਮਾਣ ਪ੍ਰਾਪਤ ਹੈ। ਇਹ ਉਹ ਭਾਗਾਂ ਵਾਲਾ ਮਹਾਂਪੁਰਸ਼ ਹੈ ਜਿਸ ਦੇ ਘਰ ਸ੍ਰੀ ਗੁਰੂ ਨਾਨਕ ਸਾਹਿਬ ਨੇ ਆਪਣੇ ਪਾਵਨ ਚਰਨ ਪਾਏ ਸਨ। ਸ੍ਰੀ ਗੁਰੂ ਨਾਨਕ ਸਾਹਿਬ ਜੀ ਭਾਈ ਲਾਲੋ ਜੀ ਦੇ ਘਰ ਕੁਝ ਦਿਨ ਰਹੇ।ਭਾਈ ਲਾਲੋ ਜੀ ਦਾ ਜਨਮ ਭਾਈ ਜਗਤਾ ਜੀ ਦੇ ਘਰ ਮਾਤਾ ਖੇਮੀ ਜੀ ਦੀ ਕੁੱਖੋਂ ੧੪੫੨ ਈ. ਨੂੰ ਐਮਨਾਬਾਦ/ਸੈਦਪੁਰ ਜ਼ਿਲ੍ਹਾ ਗੁਜਰਾਂਵਾਲਾ ਵਿਖੇ ਹੋਇਆ। ਭਾਈ ਲਾਲੋ ਜੀ ਆਪਣੀ ਪਤਨੀ ਅਤੇ ਪੁੱਤਰੀ ਰੱਜੋ ਸਮੇਤ ਐਮਨਾਬਾਦ ਵਿਖੇ ਰਹਿੰਦੇ ਸਨ। ਆਪ ਲੁਹਾਰਾ-ਤਰਖਾਣਾ ਕੰਮ ਕਰਦੇ ਸਨ। ਸੱਚੀ-ਸੁੱਚੀ ਕਿਰਤ ਕਰ ਕੇ, ਨਾਮ ਜਪ ਕੇ, ਸੱਚਾ-ਸੁੱਚਾ ਜੀਵਨ ਬਤੀਤ ਕਰਦੇ ਸਨ।ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਦਰਸ਼ਨ ਕਰਦਿਆਂ ਹੀ ਪੂਰਬਲੇ ਕਰਮਾਂ ਦੇ ਜਨਮ-ਜਨਮਾਂਤਰਾਂ ਦੇ ਲੇਖੇ-ਜੋਖੇ ਇਕ ਖਿਨ ਵਿਚ ਪੂਰਨ ਭਾਗਾਂ ਵਿਚ ਤਬਦੀਲ ਹੋ ਗਏ। ਗੁਰੂ ਜੀ ਨੇ ਨਾਮ-ਦਾਨ ਦੀ ਬਖਸ਼ਿਸ਼ ਕਰ ਕੇ 'ਭਾਈ ਲਾਲੋ' ਬਣਾ ਦਿੱਤਾ। ਭਾਈ ਮਰਦਾਨਾ ਜੀ ਦੀ ਰਬਾਬ ਨੇ ਬਾਣੀ ਦੀ ਛਹਿਬਰ ਲਾ ਦਿੱਤੀ । ਆਂਢ-ਗੁਆਂਢ ਨੇੜਿਓਂ-ਦੂਰੋਂ ਲੋਕੀ ਗੁਰੂ ਜੀ ਦੇ ਦਰਸ਼ਨ ਕਰਨ ਆਉਣ ਲੱਗ ਪਏ।ਐਮਨਾਬਾਦ ਦੇ ਹਿੰਦੂ ਖੱਤਰੀ ਮਲਕ ਭਾਗੋ ਦੇ ਬ੍ਰਹਮ ਭੋਜ ਕਰਨ ਵਾਲੀ ਘਟਨਾ ਵਾਪਰੀ ਕਿ ਕਿਵੇਂ ਸੱਚੇ ਪਾਤਸ਼ਾਹ ਜੀ ਨੇ ਹੱਕ ਦੀ ਕਮਾਈ ਨੂੰ 'ਦੁੱਧ' ਸਮਾਨ ਤੇ ਪਾਪ ਦੀ ਕਮਾਈ ਨੂੰ 'ਰੱਤ' ਸਮਾਨ ਪ੍ਰਗਟਾਇਆ। ਗੁਰੂ ਜੀ ਦੀ ਮਹਿਮਾ ਵੱਧ ਗਈ। ਇਨ੍ਹੀਂ ਦਿਨੀਂ ਬਾਬਰ ਨੇ ਭਾਰਤ ਉੱਪਰ ਹਮਲਾ ਕਰ ਦਿੱਤਾ। ਵੱਡੀ ਪੱਧਰ 'ਤੇ ਸਾੜ-ਫੂਕ ਅਤੇ ਕਤਲ-ਓ-ਗਾਰਤ ਕੀਤੀ। ਲੋਕਾਂ ਨੂੰ ਆਪਣੀ ਹਿਰਾਸਤ ਵਿਚ ਲੈ ਲਿਆ । ਲੋਕਾਂ ਦੇ ਨਾਲ ਭਾਈ ਲਾਲੋ ਜੀ ਅਤੇ ਗੁਰੂ ਸਾਹਿਬ ਜੀ ਨੂੰ ਵੀ ਕੈਦਖਾਨੇ ਵਿਚ ਡੱਕ ਦਿੱਤਾ। ਪੀਸਣ ਨੂੰ ਦਾਣੇ ਦਿੱਤੇ ਗਏ । ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰੂਹਾਨੀਅਤ ਵੇਖ ਕੇ ਬਾਬਰ ਦਹਿਲ ਗਿਆ ਅਤੇ ਤੁਰੰਤ ਮੁਆਫੀ ਮੰਗ ਕੇ ਸਭ ਕੈਦਖਾਨੇ ਖੋਲ੍ਹ ਦਿੱਤੇ। ਉਸ ਵੇਲੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਸ਼ਬਦ ਉਚਾਰਨ ਕੀਤਾ:ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨ ਵੇ ਲਾਲੋ।।ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ।।ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ।। ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ।।ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ।।ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ।।ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੰਗੂ ਪਾਇ ਵੇ ਲਾਲੋ।। (ਅੰਗ ੭੨੨)ਭਾਈ ਲਾਲੋ ਜੀ ਦੇ ਜੀਵਨ ਨਾਲ ਇਕ ਹੋਰ ਸਾਖੀ ਇਸ ਤਰ੍ਹਾਂ ਹੈ ਕਿ ਇਕ ਵਾਰੀ ਐਮਨਾਬਾਦ ਦੇ ਹਾਕਮ ਦਾ ਪੁੱਤਰ ਬਹੁਤ ਬਿਮਾਰ ਹੋ ਗਿਆ। ਬਹੁਤ ਇਲਾਜ ਕਰਵਾਇਆ ਪਰ ਕੋਈ ਅਰਾਮ ਨਾ ਆਇਆ। ਸਭ ਨੇ ਆਪੋ ਆਪਣੀ ਵਾਹ ਲਾਈ ਪਰ ਕੋਈ ਫਰਕ ਨਾ ਪਿਆ। ਫਿਰ ਕਿਸੇ ਨੇ ਕਿਹਾ ਕਿ ਸਾਧੂ-ਸੰਤਾਂ ਨੂੰ ਇਕੱਠਾ ਕਰੋ ਤੇ ਉਨ੍ਹਾਂ ਪਾਸੋਂ ਇਲਾਜ ਕਰਵਾਓ। ਅਖੀਰ 'ਤੇ ਕਰਿੰਦੇ ਗੁਰੂ ਜੀ ਅਤੇ ਭਾਈ ਲਾਲੋ ਜੀ ਨੂੰ ਵੀ ਲੈ ਗਏ। ਹਾਕਮ ਨੇ ਬੜੇ ਰੋਹਬ ਨਾਲ ਗੁਰੂ ਜੀ ਨੂੰ ਹੁਕਮ ਕੀਤਾ ਕਿ ਉਹ ਬੱਚੇ ਨੂੰ ਠੀਕ ਕਰ ਦੇਣ। ਉੱਤਰ ਵਿਚ ਗੁਰੂ ਜੀ ਨੇ ਕਿਹਾ, "ਭਾਈ ਜੇ ਕਿਸੇ ਪਾਸੋਂ ਕੋਈ ਬਖ਼ਸ਼ਿਸ਼ ਲੈਣੀ ਹੋਵੇ ਤਾਂ ਰੋਹਬ ਨਾਲ ਨਹੀਂ ਸਗੋਂ ਅਧੀਨਗੀ ਨਾਲ ਮੰਗਣੀ ਚਾਹੀਦੀ ਹੈ। ਜਿਸ ਤਰ੍ਹਾਂ ਤੁਸੀਂ ਜਬਰ ਤੇ ਸਖਤੀ ਨਾਲ ਗਰੀਬ ਪਰਜਾ ਪਾਸੋਂ ਕਰ ਵਸੂਲ ਕਰਦੇ ਹੋ, ਇਸੇ ਤਰ੍ਹਾਂ ਤੁਸੀਂ ਹੁਣ ਰੱਬ ਦੇ ਘਰੋਂ ਆਪਣੇ ਬੱਚੇ ਦੀ ਜਾਨ ਦੀ ਖੈਰ ਵੀ ਜਬਰਦਸਤੀ ਮੰਗਦੇ ਹੋ, ਇਹ ਮੁਸ਼ਕਲ ਹੀ ਨਹੀਂ ਸਗੋਂ ਅਸੰਭਵ ਹੈ।" ਇਹ ਸੁਣ ਕੇ ਹਾਕਮ ਤੇ ਹਾਕਮ ਦੀ ਬੇਗਮ ਗੁਰੂ ਜੀ ਦੇ ਚਰਨਾਂ 'ਤੇ ਡਿੱਗ ਪਏ। ਦੋਵੇਂ ਜੀਅ ਬੇਨਤੀਆਂ ਕਰਨ ਲੱਗ ਪਏ ਕਿ ਬੱਚੇ ਨੂੰ ਰਾਜੀ ਕਰੋ। ਗੁਰੂ ਜੀ ਨੇ ਮਿਹਰ ਦੇ ਘਰ ਆਉਂਦਿਆਂ ਹੋਇਆਂ ਭਾਈ ਲਾਲੋ ਜੀ ਨੂੰ ਕਿਹਾ ਕਿ ਉਹ ਆਪਣੇ ਘਰੋਂ ਰੋਟੀ ਦਾ ਟੁੱਕੜਾ ਲਿਆਉਣ। ਜਦੋਂ ਭਾਈ ਲਾਲੋ ਜੀ ਦੇ ਲਿਆਂਦੇ ਰੋਟੀ ਦੇ ਟੁੱਕੜੇ ਨੂੰ ਬੱਚੇ ਦੇ ਮੂੰਹ ਵਿਚ ਪਾਇਆ ਤਾਂ ਬੱਚਾ ਹੌਲੀ-ਹੌਲੀ ਠੀਕ ਹੋਣਾ ਸ਼ੁਰੂ ਹੋ ਗਿਆ। ਵੇਖਣ-ਸੁਣਨ ਵਾਲੇ ਗੁਰੂ ਜੀ ਦੇ ਚਰਨਾਂ 'ਤੇ ਨਤਮਸਤਕ ਹੋ ਗਏ।ਹੁਣ ਭਾਈ ਲਾਲੋ ਜੀ ਦੇ ਘਰ ਸੰਗਤ ਦਾ ਇੰਨਾ ਆਉਣ-ਜਾਣਾ ਹੋ ਗਿਆ ਕਿ ਘਰ ਛੋਟਾ ਜਾਪਣ ਲੱਗ ਪਿਆ। ਹਾਕਮ ਨੇ ਤੁਰੰਤ ਪਿੰਡ ਦੇ ਬਾਹਰਵਾਰ ਖੁੱਲ੍ਹੀ ਥਾਂ ਦੇਬਾਗ ਵਿਚ ਵੱਡਾ ਖੁੱਲ੍ਹਾ ਘਰ ਬਣਵਾ ਦਿੱਤਾ। ਵਿਚ ਖੂਹੀ ਲਗਵਾਈ ਗਈ ਕਿ ਸੰਗਤ ਦੇ ਲਈ ਜਲ ਦਾ ਪ੍ਰਬੰਧ ਹੋ ਸਕੇ। ਭਾਈ ਲਾਲੋ ਜੀ ਦਾ ਘਰ ਸਿੱਖੀ ਦਾ ਪ੍ਰਚਾਰ ਕੇਂਦਰ ਸਥਾਪਿਤ ਹੋ ਗਿਆ।ਸਮਾਂ ਬੀਤਦਾ ਗਿਆ। ਜੋ ਜੰਮਿਆ ਸੋ ਮਰਸੀ, ਜੋ ਘੜਿਆ ਸੋ ਭੱਜਸੀ ਦੇ ਅਟੱਲ ਨਿਯਮ ਅਨੁਸਾਰ ਇਹ ਘਰ ਵੀ ਖਤਮ ਹੋਣ ਦੀ ਸਥਿਤੀ ਵਿਚ ਪੁੱਜ ਗਿਆ ਕਿ ੧੯੮੮ ਵਿਚ ਬਰਮਿੰਘਮ (ਇੰਗਲੈਂਡ) ਤੋਂ ਇਕ ਜਥਾ ਪਾਕਿਸਤਾਨ ਦੇ ਗੁਰਧਾਮਾਂ ਦੀ ਯਾਤਰਾ ਲਈ ਆਇਆ। ਇਹ ਜਥਾ ਐਮਨਾਬਾਦ ਵੀ ਗਿਆ। ਇਸ ਜਥੇ ਵਿਚ ਇਕ ਗੈਰ-ਸਿੱਖ ਸੀ। ਉਸ ਨੇ ਭਾਈ ਲਾਲੋ ਦੇ ਘਰ ਦੀ ਵੀਡੀਓ ਫਿਲਮ ਤਿਆਰ ਕਰ ਲਈ ਤੇ ਬਰਮਿੰਘਮ ਵਾਪਸ ਜਾ ਕੇ ਸਿੱਖ ਭਾਈਚਾਰੇ ਨੂੰ ਵਿਖਾਈ।ਤੁਰੰਤ ਘਰ ਦੀ ਨਵੀਂ ਉਸਾਰੀ ਦਾ ਫੈਸਲਾ ਲਿਆ ਗਿਆ । ਬਰਮਿੰਘਮ ਦੇ ਸੰਤ ਏਕਮ ਸਿੰਘ, ਸ. ਸਵਰਨ ਸਿੰਘ, ਸ. ਕਿਰਪਾਲ ਸਿੰਘ, ਸ. ਸੁਰਜੀਤ ਸਿੰਘ ਅਤੇ ਹੋਰਨਾਂ ਨੇ ਟ੍ਰਸਟ ਬਣਾ ਕੇ ਪਾਕਿਸਤਾਨ ਸਰਕਾਰ ਨਾਲ ਰਾਬਤਾ ਕਰ ਕੇ, ਪੈਸਾ ਮੂੰਹ ਮੰਗਿਆ ਦੇ ਕੇ ਘਰ ਦੀ ਨਵੀਂ-ਉਸਾਰੀ ਅਤੇ ਖੂਹੀ ਦੀ ਮੁਰੰਮਤ ਕਰ ਕੇ ਮੁੜ ਉਸੇ ਦਿੱਖ ਵਿਚ ਲੈ ਆਂਦਾ ਹੈ। ਇਸ ਕੰਮ ਲਈ ਹਾਈਕੋਰਟ ਦੇ ਇਕ ਐਡਵੋਕੇਟ ਚੌਧਰੀ ਮਹਿਮੂਦ ਅਨਵਰ ਕੰਬੋਜ (ਪਾਕਿਸਤਾਨ) ਦੀ ਭੂਮਿਕਾ ਬਹੁਤ ਸਲਾਹੁਣ ਯੋਗ ਹੈ। ਜਿਸ ਨੇ ਸ਼ੁਰੂ ਤੋਂ ਅਖੀਰ ਤਕ ਤੇ ਹੁਣ ਤਕ ਨਿਸ਼ਕਾਮ ਸੇਵਾ ਕੀਤੀ ਹੈ ਅਤੇ ਨਿਭਾਅ ਰਿਹਾ ਹੈ।ਭਾਈ ਲਾਲੋ ਜੀ ਦੀ ਕੇਵਲ ਇਕ ਪੁੱਤਰੀ ਬੀਬੀ ਰੱਜੋ ਸੀ ਜੋ ਆਪਣੇ ਪਰਵਾਰ ਨਾਲ ਇੱਥੇ ਰਹਿ ਕੇ ਪ੍ਰਚਾਰ ਦੀ ਸੇਵਾ ਕਰਦੀ ਰਹੀ। ਇਸ ਬੀਬੀ ਦਾ ਅੱਗੋਂ ਪਰਵਾਰ ਵੀ ਸਿੱਖੀ ਦੇ ਪ੍ਰਚਾਰ ਨੂੰ ਸਮਰਪਿਤ ਰਿਹਾ ਸੀ। ਇਸ ਸਮੇਂ ਇਸ ਬੀਬੀ ਜੀ ਦੀ ਵੰਸ਼ ਮੋਹਾਲੀ ਨੇੜੇ ਰਹਿ ਰਹੀ ਹੈ।

**ਡਾ. ਅਮਰਜੀਤ ਕੌਰ**


# ਗੁਰਬਾਣੀ ਵਿੱਚ ਕਿਰਤ ਦੀ ਮਹਾਨਤਾ

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀ ਹਰ ਪੰਗਤੀ ਸੰਗੀਤ ਅਤੇ ਸਾਹਿਤਕ ਗੁਣਾਂ ਨਾਲ ਭਰਪੂਰ ਹੈ। ਸ੍ਰੀ ਗੁਰੂ ਨਾਨਕ ਸਾਹਿਬ ਦੀ ਬਾਣੀ ਵਿਚ ਆਤਮਿਕ ਉਸਾਰੀ ਦੇ ਨਾਲ ਸਮਾਜਿਕ ਉਸਾਰੀ ਦਾ ਵਿਸ਼ਾ ਵੀ ਲਿਆ ਗਿਆ ਹੈ। ਇਸੇ ਲਈ ਵਿਸ਼ੇ ਦੇ ਪੱਖੋਂ ਇਹ ਬਾਣੀ ਮਹਾਨ ਹੈ। ਇਸ ਤੋਂ ਬਿਨਾਂ ਗੁਰੂ ਸਾਹਿਬ ਦੀ ਬਾਣੀ ਵਿਚ ਸੱਚ, ਸੰਤੋਖ, ਨਿਮਰਤਾ, ਪਰਮਾਤਮਾ ਪਿਤਾ ਸਮਾਨ ਹੈ। ਮਨੁੱਖੀ ਭਰਾਤਰੀ ਭਾਵ, ਸੰਜਮ, ਦਇਆ, ਤਨ-ਮਨ ਦੀ ਪਵਿੱਤਰਤਾ, ਆਤਮਾ ਤੇ ਪਰਮਾਤਮਾ ਦੀ ਖੋਜ, ਮਰਦ ਤੇ ਇਸਤਰੀ ਦੀ ਬਰਾਬਰੀ ਤੋਂ ਬਿਨਾਂ ਹੋਰ ਵੀ ਉੱਚੇ-ਸੁੱਚੇ ਵਿਚਾਰ ਬਾਣੀ ਵਿੱਚੋਂ ਮਿਲਦੇ ਹਨ। ਭਾਵੇਂ ਜ਼ੋਰ ਪ੍ਰਭੂ ਭਗਤੀ 'ਤੇ ਦਿੱਤਾ ਹੈ ਪਰ ਭਗਤੀ ਭਾਵ ਦੇ ਨਾਲ-ਨਾਲ ਹੱਥਾਂ ਦੀ ਕੀਤੀ ਹੋਈ ਕਮਾਈ ਨੂੰ ਵੀ ਧਾਰਮਿਕ ਸਿੱਖਿਆ ਦਾ ਅੰਗ ਬਣਾਇਆ ਹੈ। ਕਿਰਤ ਕਰ ਕੇ ਵੰਡ ਛਕਣਾ, ਗੁਰੂ ਸਾਹਿਬ ਦਾ ਬੁਨਿਆਦੀ ਸਿਧਾਂਤ ਹੈ। ਘਰ-ਬਾਰ ਨੂੰ ਤਿਆਗ ਕੇ ਆਪ ਵੈਰਾਗੀ ਨਹੀਂ ਬਣੇ, ਸਗੋਂ ਉਪਦੇਸ਼ ਦਿੱਤਾ ਹੈ ਕਿ ਕੇਵਲ ਘਰ-ਬਾਰ ਹੀ ਅਜਿਹਾ ਜੀਵਨ ਹੈ ਜਿਸ ਵਿਚ ਰਹਿ ਕੇ ਮਨੁੱਖ ਲੋੜਵੰਦਾਂ ਦੀ ਸਹਾਇਤਾ ਕਰ ਸਕਦਾ ਹੈ।ਵਿਚਿ ਦੁਨੀਆ ਸੇਵ ਕਮਾਈਐ।। ਤਾ ਦਰਗਹ ਬੈਸਣੁ ਪਾਈਐ।। (ਅੰਗ ੨੬)ਇਸ ਲਈ ਉਨ੍ਹਾਂ ਨੇ ਘਾਲ ਕਮਾਈ ਦੇ ਰਾਹ ਨੂੰ ਸਲਾਹਿਆ ਹੈ। ਉਨ੍ਹਾਂ ਦਾ ਇਹ ਸਿਧਾਂਤ ਕਿੰਨਾ ਆਧੁਨਿਕ ਵੀ ਹੈ ਅਤੇ ਸਮਾਜ ਨੂੰ ਬਲਵਾਨ ਪ੍ਰੇਰਨਾ ਵੀ ਦਿੰਦਾ ਹੈ ਕਿ:ਗਿਆਨ ਵਿਹੂਣਾ ਗਾਵੈ ਗੀਤ।। ਭੁਖੇ ਮੁਲਾਂ ਘਰੇ ਮਸੀਤਿ।।ਮਖਟੂ ਹੋਇ ਕੈ ਕੰਨ ਪੜਾਏ।। ਫਕਰੁ ਕਰੇ ਹੋਰੁ ਜਾਤਿ ਗਵਾਏ।। ਗੁਰੁ ਪੀਰੁ ਸਦਾਏ ਮੰਗਣ ਜਾਇ।। ਤਾ ਕੈ ਮੂਲਿ ਨ ਲਗੀਐ ਪਾਇ।।ਘਾਲਿ ਖਾਇ ਕਿਛੁ ਹਥਹੁ ਦੇਇ।। ਨਾਨਕ ਰਾਹੁ ਪਛਾਣਹਿ ਸੇਇ।। (ਅੰਗ ੧੨੪੫)ਭਾਵ ਗਿਆਨ ਤੋਂ ਖਾਲੀ ਭੁੱਖੇ ਅਖੌਤੀ ਮੌਲਵੀ ਚੜ੍ਹਾਵੇ ਦੀ ਖਾਤਰ ਘਰ ਨੂੰ ਮਸੀਤ ਬਣਾ ਲੈਂਦੇ ਹਨ। ਜੋ ਨਿਖੱਟੂ ਹੈ, ਵਿਹਲੜ ਹੈ, ਦਸਾਂ ਨਹੁੰਆਂ ਦੀ ਕਮਾਈ ਨਹੀਂ ਕਰਦਾ, ਸੋ ਜੋਗੀ ਬਣ ਜਾਂਦਾ ਹੈ, ਮੁੰਦਰਾਂ ਪਾ ਲੈਂਦਾ ਹੈ, ਆਪਣੇ ਆਪ ਨੂੰ ਫਕੀਰ ਸਮਝ ਲੈਂਦਾ ਹੈ ਅਤੇ ਕਹਿਣ ਮਾਤਰ ਹੀ ਜਾਤ-ਭੇਦ ਗੁਆ ਦਿੰਦਾ ਹੈ। ਗੁਰੂ ਪੀਰ ਸਦਾ ਕੇ ਮੰਗਣ ਜਾਂਦੇ ਹਨ। ਅਜਿਹੀਆਂ ਦੇ ਕਦੇ ਵੀ ਪਿੱਛੇ ਨਾ ਜਾਵੇ । ਪਰਮਾਤਮਾ ਨੂੰ ਤਾਂ ਅਸਲ ਵਿਚ ਉਹ ਪਹਿਚਾਣਦੇ ਹਨ, ਜੋ ਆਪਣੇ ਦਸਾਂ ਨਹੁੰਆਂ ਦੀ ਕਿਰਤ ਕਮਾਈ ਖਾਂਦੇ ਹਨ ਅਤੇ ਆਪਣੇ ਹੱਥੋਂ ਹੋਰ ਲੋੜਵੰਦਾਂ ਨੂੰ ਦਾਨ ਕਰਦੇ ਹਨ। ਲੋਕਾਂ ਲਈ ਜਿਉਂਣਾ ਹੀ ਅਸਲ ਦਾਨ ਹੈ। ਦੀਨ ਦੁਖੀ ਦੀ ਦਸ਼ਾ ਵੇਖ ਕੇ ਆਪ ਦੁਖੀ ਹੋਣਾ, ਹੱਥ ਰੱਖਣਾ, ਘਾਲ ਕਮਾਈ ਕਰ ਕੇ ਕਿਛੁ ਹਥਹੁ ਦੇਣਾ ਤਾਂ ਜੋ ਉਸ ਨੂੰ ਠੀਕ ਰਾਹ ਮਿਲ ਜਾਏ। ਮਾੜਾ ਧੰਦਾ ਨਾ ਕੀਤਾ ਜਾਏ, ਸਗੋਂ ਕਿਰਤ ਹੀ ਕੀਤੀ ਜਾਏ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਜਿਹਾ ਜੀਵਨ ਬਿਤਾ ਕੇ ਵੇਖਿਆ ਹੈ। ਮੋਦੀਖਾਨੇ ਦੀ ਕਾਰ ਕੀਤੀ, ਤੇਰਾ-ਤੇਰਾ ਕਹਿ ਕੇ ਪੂਰਾ ਹੱਕ ਦਿੱਤਾ। ਆਪ ਦਾ ਵਿਚਾਰ ਸੀ ਕਿ ਕਿਰਤ ਕਰ ਕੇ ਦੇਹੀ ਸੁੱਚੀ ਹੁੰਦੀ ਹੈ। ਆਪ ਅਕਾਲ ਪੁਰਖ ਦੇ ਨਾਮ ਦਾ ਜਾਪ ਕਰਨ ਦੇ ਨਾਲ-ਨਾਲ ਆਉਂਦੇ ਜਾਂਦੇ ਲੋੜਵੰਦਾਂ ਦੀ ਸੇਵਾ ਵੀ ਕਰਦੇ ਸਨ।ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਵਿਚ ਕਿਰਤ ਦੀ ਵੱਡੀ ਮਹਾਨਤਾ ਹੈ। ਹੱਥੀਂ ਕਮਾਈ ਨਾ ਕਰਨਾ ਚੰਗੀ ਗੱਲ ਨਹੀਂ। ਗੁਰੂ ਸਾਹਿਬ ਦਾ ਨਿਸ਼ਚਾ ਸੀ ਕਿ ਦਸ ਨਹੁੰਆਂ ਦੀ ਕਿਰਤ ਹੀ ਮਨੁੱਖ ਵਿਚ ਆਤਮ ਵਿਸ਼ਵਾਸ ਅਤੇ ਖੁਸ਼ੀ ਦੀ ਭਾਵਨਾ ਪੈਦਾ ਕਰਦੀ ਹੈ। ਕਿਰਤੀ ਭਾਵਨਾ ਵਾਲੇ ਲੋਕ ਆਪ ਵੀ ਨਰੋਏ ਹੁੰਦੇ ਹਨ ਅਤੇ ਉਨ੍ਹਾਂ ਦਾ ਸਿਰਜਿਆ ਹੋਇਆ ਸਮਾਜ ਵੀ ਨਰੋਆ ਹੁੰਦਾ ਹੈ। ਗੁਰੂ ਜੀ ਆਪ ਵੀ ਕਿਰਤ ਕਰਦੇ ਸਨ ਅਤੇ ਕਿਰਤੀ ਸ਼੍ਰੇਣੀ ਦਾ ਮਾਣ ਕਰਦੇ ਸਨ । ਭਾਈ ਲਾਲੋ ਜੀ ਅਤੇ ਮਲਕ ਭਾਗੋ ਦੀ ਸਾਖੀ ਇਸੇ ਵਿਸ਼ੇ ਨੂੰ ਬਿਆਨ ਕਰਦੀ ਹੈ। ਮਾਲਕ ਭਾਗੋ ਦੇ ਭੋਜਨ ਵਿਚ ਜ਼ੁਲਮ ਸੀ, ਜ਼ਹਿਰ ਸੀ, ਗਰੀਬਾਂ ਦੀ ਨਪੀੜੀ ਹੋਈ ਜਿੰਦ ਦਾ ਲਹੂ ਸੀ, ਕਿਰਤੀ ਭਾਈ ਲਾਲੋ ਜੀ ਦੀ ਸੁੱਕੀ ਰੋਟੀ ਵਿਚ ਸਾਦਗੀ ਤੇ ਸਚਾਈ ਦਾ ਅੰਮ੍ਰਿਤ ਸੀ। ਕਿਰਤੀ ਸ਼੍ਰੇਣੀ ਦਾ ਸਮਾਜ ਪਵਿੱਤਰ ਹੈ। ਇਸ ਵਿਚ ਲੁੱਟ-ਖਸੁੱਟ ਦੀ ਥਾਂ ਨਹੀਂ ਹੈ। ਇਹ ਸੁਣ-ਦੇਖ ਕੇ ਮਲਕ ਭਾਗੋ ਨੂੰ ਹੋਸ਼ ਆਈ, ਪੁੱਛਦਾ ਹੈ, ਉਸ ਦਾ ਕਲਿਆਣ ਕਿਵੇਂ ਹੋਵੇ? ਗੁਰੂ ਸਾਹਿਬ ਨੇ ਫਰਮਾਇਆ ਕਿਰਤ ਦੀ ਜ਼ਿੰਦਗੀ ਅਰੰਭ ਕਰ, ਤਾਂ ਕਲਿਆਣ ਹੋਵੇਗਾ।ਚੜ੍ਹਿਆ ਸੋਧਣਿ ਧਰਤਿ ਲੁਕਾਈ: ਸ੍ਰੀ ਗੁਰੂ ਨਾਨਕ ਦੇਵ ਜੀ ਨੇ ਚਾਰ ਉਦਾਸੀਆਂਕੀਤੀਆਂ। ਅੰਧ-ਵਿਸ਼ਵਾਸ ਅਤੇ ਭਰਮਾਂ ਦੇ ਹਨ੍ਹੇਰੇ 'ਚੋਂ ਲੋਕਾਂ ਨੂੰ ਕੱਢ ਕੇ ਗਿਆਨ ਦਾ ਉਪਦੇਸ਼ ਦਿੱਤਾ। ਉਦਾਸੀਆਂ ਵਿਚ ਵੀ ਸੱਚੀ-ਸੁੱਚੀ ਕਿਰਤ ਦੀ ਮਹਾਨਤਾ ਬਾਰੇ ਦੱਸਿਆ। ਆਪ ਦਾ ਉਪਦੇਸ਼ ਸੀ ਕਿ ਸੱਚੀ-ਸੁੱਚੀ ਕਿਰਤ ਕਰ ਕੇ ਗੁਜ਼ਾਰਾ ਕਰਨਾ ਚਾਹੀਦਾ ਹੈ। ਦੂਜਿਆਂ ਦਾ ਹੱਕ ਨਹੀਂ ਮਾਰਨਾ ਚਾਹੀਦਾ। ਆਪ ਫੁਰਮਾਉਂਦੇ ਹਨ:ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ।।ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ।। ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ।। ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲ ਨ ਜਾਇ।। ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ।।(ਅੰਗ ੧੪੧)ਕਿਰਤ ਕਮਾਈ ਸਬੰਧੀ ਦੱਸਦੇ ਹਨ, ਦੂਜੇ ਦਾ ਹੱਕ ਖਾਣਾ, ਹਿੰਦੂ ਲਈ ਗਊ ਅਤੇ ਮੁਸਲਮਾਨਾਂ ਲਈ ਸੂਰ ਖਾਣ ਬਰਾਬਰ ਹੈ। ਗੁਰੂ ਅਤੇ ਪੀਰ ਤਾਂ ਹੀ ਸਹਾਇਤਾ ਕਰਨਗੇ ਜੇਕਰ ਦੂਜੇ ਦਾ ਹੱਕ ਨਾ ਖਾਇਆ ਜਾਵੇ। ਆਪ ਫੁਰਮਾਉਂਦੇ ਹਨ ਕਿ ਸਵਰਗ ਦੀ ਪ੍ਰਾਪਤੀ ਸਿਰਫ ਗੱਲਾਂ ਨਾਲ ਨਹੀਂ ਸਗੋਂ ਨੇਕ ਅਮਲਾਂ ਅਤੇ ਸੱਚੇ-ਸੁੱਚੇ ਜੀਵਨ ਨਾਲ ਹੀ ਹੁੰਦੀ ਹੈ।ਕਿਰਤ ਕਰਨ ਦੇ ਨਾਲ-ਨਾਲ ਜੋ ਵੰਡ ਛਕਣ ਦੀ ਫ਼ਿਲਾਸਫ਼ੀ ਹੈ ਉਹ ਹੋਰ ਵੀ ਮਹਾਨ ਹੈ। ਇਹ ਗੱਲ ਸਮਾਜ ਦੀ ਇਕ ਆਧਾਰਸ਼ਿਲ੍ਹਾ ਹੈ। ਇਸੇ ਲਈ ਗੁਰੂ ਸਾਹਿਬ ਫੁਰਮਾਉਂਦੇ ਹਨ:ਘਾਲਿ ਖਾਇ ਕਿਛੁ ਹਥਹੁ ਦੇਇ।। ਨਾਨਕ ਰਾਹੁ ਪਛਾਣਹਿ ਸੇਇ।। (ਅੰਗ ੧੨੪੫)ਸੋ ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ ਇਹ ਮਨੁੱਖੀ ਜੀਵਨ ਦਾ ਮਨੋਰਥ ਹੋਣਾ ਚਾਹੀਦਾ ਹੈ। ਜੇਕਰ ਇਸ ਸੁਨਹਿਰੀ ਸੰਦੇਸ਼ 'ਤੇ ਅਮਲ ਕਰੀਏ ਤਾਂ ਜ਼ਿੰਦਗੀ ਦਾ ਅਨੰਦ ਪ੍ਰਾਪਤ ਹੋ ਸਕਦਾ ਹੈ। ਸਵਾਦ ਹੋਰ ਹੈ, ਅਨੰਦ ਹੋਰ ਹੈ। ਅਨੰਦ ਤਾਂ ਉਹ ਮਾਨਸਿਕ ਅਵਸਥਾ ਹੈ ਜੋ ਸੱਚੀ-ਸੁੱਚੀ ਕਿਰਤ ਤੋਂ ਪ੍ਰਾਪਤ ਹੁੰਦਾ ਹੈ। ਕਿਰਤ ਕਰਨੀ ਜ਼ਰੂਰੀ ਹੈ। ਅਕਾਲ ਪੁਰਖ ਨੇ ਹੱਥ-ਪੈਰ ਦਿੱਤੇ ਹਨ। ਬਿਨਾਂ ਹਰਕਤ ਦੇ ਹੱਥ-ਪੈਰ ਨਿਕੰਮੇ ਹੋ ਜਾਂਦੇ ਹਨ। ਜਿਸ ਦਿਨ ਜੀਵ ਪੈਦਾ ਹੁੰਦਾ ਹੈ, ਕਿਰਤ ਕਰਨੀ ਉਸ ਦੇ ਜ਼ਿੰਮੇ ਲੱਗ ਜਾਂਦੀ ਹੈ। ਮਨੁੱਖ ਦੀ ਸਰੀਰਿਕ ਬਣਤਰ ਦਾ ਤਕਾਜ਼ਾ ਹੈ ਕਿ ਉਹ ਕਿਰਤ ਕਰੇ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਧਿਐਨ ਤੋਂ ਅਸੀਂ ਵੇਖ ਸਕਦੇ ਹਾਂ ਉਨ੍ਹਾਂ ਨੇ ਹੱਥਾਂ ਨਾਲ ਹਲ ਵੀ ਵਾਹੇ। ਸ੍ਰੀ ਗੁਰੂ ਨਾਨਕ ਦੇਵ ਜੀ ਅਜਿਹੇ ਬਾ-ਅਮਲ ਦਾਰਸ਼ਨਿਕ ਸਨ ਜੋ ਆਪਣੇ ਉਪਦੇਸ਼ ਅਤੇ ਸੰਦੇਸ਼ ਨੂੰ ਲੋਕਾਂ ਦੇ ਸਾਹਮਣੇ ਅਮਲੀ ਰੂਪ ਵਿਚ ਪ੍ਰਚਾਰਦੇ ਸਨ। ਮਿਸ਼ਨ ਦੇ ਪ੍ਰਚਾਰ ਹਿਤ ਉਦਾਸੀਆਂ ਦੇ ਦੌਰਾਨ ਆਪ ਨੇ ਮਹਿਸੂਸ ਕੀਤਾ ਕਿ ਲੱਖਾਂ ਹੀ ਕਿਰਤੀ ਤੇ ਕਾਮੇ ਜਾਂ ਨੀਵੇਂ ਤਬਕੇ ਦੇ ਲੋਕ ਉਹ ਆਰਥਿਕਤਾ ਦੀ ਜਿੰਦ-ਜਾਨ ਹਨ ਪਰ ਅਮੀਰਾਂ ਦੇ ਜ਼ੁਲਮ ਜ਼ੁਲਮ ਹੇਠ ਦੱਬੇ ਪਏ ਸਹਿਕ ਰਹੇ ਹਨ ਅਤੇ ਇਹ ਅਮੀਰ ਲੋਕ ਆਪਣੇ ਸੁਆਰਥਾਂ ਲਈ ਕਿਰਤੀ ਕਾਮਿਆਂ ਨੂੰ ਨੂੰ ਲੁੱਟੀ ਜਾ ਰਹੇ ਹਨ। ਗੁਰੂ ਸਾਹਿਬ ਨੇ ਕਾਮਿਆਂ ਤੇ ਕਿਰਤੀਆਂ ਦੇ ਹੱਕ ਵਿਚ ਇਨਕਲਾਬੀ ਅਵਾਜ਼ ਬੁਲੰਦ ਕੀਤੀ। ਇਸੇਲਈ ਗੁਰੂ ਸਾਹਿਬ ਸਮਾਜ ਦੇ ਲਤਾੜੇ ਹੋਏ ਮਨੁੱਖਾਂ ਨਾਲ ਆਪਣਾ ਸੰਪੂਰਨ ਸੰਬੰਧ ਜੋੜਦੇ ਰਹੇ। ਆਪ ਦਾ ਇਹ ਵੀ ਵਿਚਾਰ ਹੈ ਕਿ ਪਾਪਾਂ ਰਾਹੀਂ ਮਾਇਆ ਜੋੜਨ ਵਾਲਾ ਮਨੁੱਖ ਮਨੁੱਖਤਾ ਨਾਲੋਂ ਦੂਰ ਹੋ ਜਾਂਦਾ ਹੈ ਪਰ ਮਰਨ ਮਗਰੋਂ ਦੌਲਤ ਸਾਥ ਨਹੀਂ ਦਿੰਦੀ। ਇਸੇ ਲਈ ਫੁਰਮਾਉਂਦੇ ਹਨ:ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ।।(ਅੰਗ ੪੧੭)ਪਰ ਬੰਦਾ ਸਮਝਦਾ ਨਹੀਂ; ਝੂਠ ਫਰੇਬ, ਠੱਗੀ ਅਤੇ ਹੋਰ ਕਈ ਗਲਤ ਤਰੀਕਿਆਂ ਨਾਲ ਦੌਲਤ ਇਕੱਠੀ ਕਰਨ ਵਿਚ ਦੌੜਿਆ ਫਿਰਦਾ ਹੈ। ਅਜਿਹਾ ਮਨੁੱਖ ਅਧਿਆਤਮਿਕ ਤੇ ਰੱਬੀ ਬਖ਼ਸ਼ਿਸ਼ਾਂ ਤੋਂ ਵਾਂਝਾ ਹੈ। ਸਦਾਚਾਰ ਤੋਂ ਗਿਰ ਚੁੱਕਿਆ ਹੈ। ਲੋੜ ਹੈ ਸ੍ਰੀ ਗੁਰੂ ਨਾਨਕ ਸਾਹਿਬ ਦੀ ਫ਼ਿਲਾਸਫ਼ੀ ਅਤੇ ਉਨ੍ਹਾਂ ਦੇ ਅਮਲੀ ਜੀਵਨ ਨੂੰ ਅਪਣਾਉਣ ਦੀ। ਜੇ ਅਸੀਂ ਉਨ੍ਹਾਂ ਦੀ, ਨਾਮ ਜਪਣਾ, ਕਿਰਤ ਕਰਨੀ ਤੇ ਵੰਡ ਛਕਣ ਦੀ ਫ਼ਿਲਾਸਫ਼ੀ ਨੂੰ ਅਪਣਾ ਲਈਏ ਤਾਂ ਸੰਕਟ ਭਰੇ ਸੰਸਾਰ ਵਿਚ ਸੁੱਖ ਤੇ ਸ਼ਾਂਤੀ ਮਿਲ ਸਕਦੀ ਹੈ। ਗੁਰੂ ਸਾਹਿਬ ਸਮਾਜ ਦੀਆਂ ਵੱਖ-ਵੱਖ ਸ਼੍ਰੇਣੀਆਂ ਨੂੰ ਅਧਿਆਤਮਿਕ ਜੀਵਨ ਦੀ ਜਾਚ ਦੱਸਦੇ ਹੋਏ, ਕਿਰਤ ਕਮਾਈ ਸਬੰਧੀ ਵੀ ਫੁਰਮਾਉਂਦੇ ਹਨ:ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ।।(ਅੰਗ ੫੯੫)

**ਡਾ. ਮਨਮੋਹਨ ਸਿੰਘ**

KHALSA AKHBAAR PRESENTS

ਖ਼ਾਲਸਾ ਅਖ਼ਬਾਰ




# NANAKSHAHI 558

NANAKSHAHI 558 | KHALSA SAMMAT 327-28 | BIKRAMI 2082-83

ਨਾਨਕਸ਼ਾਹੀ ਸੰਮਤ ੫੫੮


## SCAN HERE

FOR ALL SIKH CALENDAR DATES

# ਖ਼ਾਲਸਾ ਅਖ਼ਬਾਰ

ਗਿਆਨੀ ਦਿੱਤ ਸਿੰਘ ਜੀ ਦਾ ਪੰਜਾਬੀ ਪੱਤਰਕਾਰੀ ਨਾਲ ਬਹੁਤ ਗੂੜਾ ਸਬੰਧ ਰਿਹਾ ਤੇ ਖ਼ਾਲਸਾ ਅਖ਼ਬਾਰ (ਸਪਤਾਹਿਕ) ਜੋ ੧੩ ਜੂਨ ੧੮੮੬ ਈ. ਨੂੰ ਸ਼ੁਰੂ ਹੋਇਆ ਸੀ, ਇਹ ਸਿੰਘ ਸਭਾ ਲਾਹੌਰ ਨੇ ਆਪਣੇ ਉਦੇਸ਼ਾਂ ਤੇ ਪ੍ਰਚਾਰ ਨੂੰ ਮੁੱਖ ਰੱਖ ਕੇ ਸ਼ੁਰੂ ਕੀਤਾ ਸੀ। ਫਿਰ ੧੦ ਜੁਲਾਈ ੧੮੮੬ ਈ. ਤੋਂ ਖ਼ਾਲਸਾ ਅਖ਼ਬਾਰ ਦਾ ਨਾਮ 'ਖ਼ਾਲਸਾ ਅਖ਼ਬਾਰ ਲਾਹੌਰ ਲਿਖਣਾ ਸ਼ੁਰੂ ਹੋਇਆ। ਖ਼ਾਲਸਾ ਅਖਬਾਰ ਦੇ ਉਸ ਸਮੇਂ ਛਪੇ ਸੰਪਾਦਕੀ ਲੇਖਾਂ ਤੋਂ ਮਹਿਸੂਸ ਹੁੰਦਾ ਹੈ ਕਿ ਇਸ ਸਮੇਂ ਤੋਂ ਹੀ ਗਿਆਨੀ ਦਿੱਤ ਸਿੰਘ ਜੀ ਨੇ ਬਤੌਰ ਸੰਪਾਦਕ ਜ਼ਿੰਮੇਵਾਰੀ ਸੰਭਾਲ ਲਈ ਸੀ। ਫਿਰ ਅਕਤੂਬਰ ੧੮੮੯ ਤੋਂ ਬਾਅਦ ਇਸ ਅਖ਼ਬਾਰ ਦਾ ਕੋਈ ਵੀ ਅੰਕ ਪੜ੍ਹਨ ਨੂੰ ਨਹੀਂ ਮਿਲਿਆ ਤੇ ਕੁਝ ਸਮੇ ਲਈ ਇਹ ਅਖ਼ਬਾਰ ਛਪਣਾ ਬੰਦ ਹੋ ਗਿਆ ਸੀ। ਫਿਰ ੧ ਮਈ ੧੮੯੩ ਈ. ਤੋਂ ਲੈ ਕੇ ੨੩ ਅਗਸਤ ੧੯੦੧ ਈ. ਤੱਕ 'ਖ਼ਾਲਸਾ ਅਖ਼ਬਾਰ ਲਾਹੌਰ ਗਿਆਨੀ ਜੀ ਦੀ ਸੰਪਾਦਨਾ ਹੇਠ ਪ੍ਰਕਾਸ਼ਤ ਹੁੰਦਾ ਰਿਹਾ। ਪਹਿਲਾਂ ਇਹ ੮ ਪੰਨਿਆਂ ਦਾ ਸੀ ਪਰ ਜਨਵਰੀ ੧੮੯੮ ਤੋਂ ੧੨ ਪੰਨਿਆਂ ਦਾ ਛਪਣਾ ਸ਼ੁਰੂ ਹੋਇਆ। ੩੦ ਅਗਸਤ ੧੯੦੧ ਨੂੰ ਗਿਆਨੀ ਜੀ ਦੀ ਸਿਹਤ ਵਧੇਰੇ ਖ਼ਰਾਬ ਹੋਣ ਕਰਕੇ ਭਾਈ ਮੱਯਾ ਸਿੰਘ ਜੀ ਨੇ ਸੰਪਾਦਕੀ ਲਿਖੀ ਹੈ। ਫਿਰ ੬ ਸਤੰਬਰ ੧੯੦੧ ਨੂੰ ਦਿਨ ਦੇ ਸਾਢੇ ਦਸ ਵਜੇ ਗਿਆਨੀ ਜੀ ਅਕਾਲ ਚਲਾਣਾ ਕਰ ਗਏ। ਖ਼ਾਲਸਾ ਅਖ਼ਬਾਰ ਲਾਹੌਰ ਨੂੰ ਜਿਸ ਸਫ਼ਲਤਾ ਤੇ ਚੜ੍ਹਦੀ ਕਲਾ ਨਾਲ ਗਿਆਨੀ ਜੀ ਨੇ ਚਲਾਇਆ,ਇਹ ਸਿੱਖ ਪੱਤਰਕਾਰੀ ਨੂੰ ਉਹਨਾਂ ਦੀ ਮਹਾਨ ਦੇਣ ਕਹੀ ਜਾ ਸਕਦੀ ਹੈ। ਇਸ ਅਖ਼ਬਾਰ ਨੇ ਸਿੱਖ ਪੰਥ ਵਿਚ ਪੁਨਰ ਜਾਗ੍ਰਿਤੀ ਲਿਆਉਣ ਅਹਿਮ ਭੂਮਿਕਾ ਨਿਭਾਈ ਹੈ। ਬਾਅਦ ਵਿਚ ਇਹ ਅਖ਼ਬਾਰ ੧੯੦੫ ਈ. ਤੱਕ ਭਾਈ ਮੱਯਾ ਸਿੰਘ ਜੀ ਦੀ ਸੰਪਾਦਨਾ ਹੇਠ ਪ੍ਰਕਾਸ਼ਤ ਹੁੰਦਾ ਰਿਹਾ ਅਤੇ ਬਾਅਦ ਵਿਚ ਸਮੇਂ ਦੇ ਗੇੜ ਵਿਚ ਚਲਦਾ ਹੋਇਆ ਬੰਦ ਹੋ ਗਿਆ।

ਅਸੀਂ ਆਪਣੇ ਉਨ੍ਹਾਂ ਪੁਰਖਿਆਂ ਦੇ ਪਾਏ ਪੂਰਨਿਆਂ 'ਤੇ ਚਲਦੇ ਹੋਏ ਮੁੜ ਕੋਸ਼ਿਸ਼ ਕਰ ਕੇ 'ਖ਼ਾਲਸਾ ਅਖ਼ਬਾਰ' ਨੂੰ ਦੁਬਾਰਾ ਪ੍ਰਕਾਸ਼ਿਤ ਕਰ ਕੇ ਪਾਠਕਾਂ ਦੀ ਖੁਸ਼ੀ ਲੈ ਰਹੇ ਹਾਂ। ਇਸ ਵਿਚ ਸਿੱਖ ਰਹਿਤ ਮਰਯਾਦਾ, ਸਿੱਖ ਇਤਿਹਾਸ, ਸਿੱਖ ਸਿਧਾਂਤਾਂ, ਸਿੱਖ ਸਰਗਰਮੀਆਂ ਨਾਲ ਸੰਬੰਧਿਤ ਪੰਥ ਦੇ ਉੱਘੇ ਵਿਦਵਾਨਾਂ, ਦਾਰਸ਼ਨਿਕਾਂ ਤੇ ਚਿੰਤਕਾਂ ਆਦਿ ਦੇ ਲੇਖ ਪੜ੍ਹਨ ਨੂੰ ਮਿਲਣਗੇ।




# ਇੱਕ ਕੋਸ਼ਿਸ਼

## ਸਾਡੇ ਪੁਰਾਤਨ ਅਖ਼ਬਾਰ ਨੂੰ ਮੁੜ ਤੋਂ ਸੁਰਜੀਤ ਕਰਨ ਦੀ

## ਪੁਰਖਿਆਂ ਦੀ ਪੈੜ 'ਚ ਪੈਰ ਧਰਦਾ 'ਖ਼ਾਲਸਾ ਅਖ਼ਬਾਰ'

**ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਓ !**

+44 74913 74913
www.khalsaakhbaar.com
editor@khalsaakhbaar.com
@khalsaakhbaar

